The Scottish Government
Riaghaltas na h-Alba

# ਰਾਸ਼ਟਰੀ ਦੇਖਭਾਲ ਮਾਨਕ

## ਸਮਰਥਨ ਸੇਵਾਵਾਂ

ਨਵੰਬਰ 2013

ਪ੍ਰਤਿਸ਼ਠਾ

ਨਿਜਤਾ

ਵਿਕਲਪ

ਸੁਰੱਖਿਆ

ਅਹਿਸਾਸ ਦੀ ਸੰਭਾਵਨਾ

ਸਮਾਨਤਾ ਅਤੇ ਵਿਵਿਧਤਾ

# ਰਾਸ਼ਟਰੀ **ਦੇਖਭਾਲ** ਮਾਨਕ

## ਸਹਾਇਕ ਸੇਵਾਵਾਂ

### ਮਾਰਚ, 2005 ਵਿੱਚ ਸੰਸ਼ੋਧਤ

ਸਤਿਕਾਰ

ਨਿਜਤਾ

ਵਿਕਲਪ

ਸੁਰੱਖਿਆ

ਸੰਭਵਤਾ ਦੀ ਪ੍ਰਾਪਤੀ

ਸਮਾਨਤਾ ਅਤੇ ਵਿਵਿਧਤਾ

# ਵਿਸ਼ਾ ਵਸਤੂ

ਪੰਨਾ


**ਭੂਮਿਕਾ** **3**

**ਸੇਵਾ ਦਾ ਉਪਯੋਗ ਕਰਨ ਤੋਂ ਪਹਿਲਾਂ** (ਮਾਨਕ 1 ਤੋਂ 6) **12**

1 ਸੂਚਿਤ ਕਰਨਾ ਅਤੇ ਫੈਸਲਾ ਕਰਨਾ 15

2 ਪ੍ਰਬੰਧਨ ਅਤੇ ਸਟਾਫਿੰਗ ਵਿਵਸਥਾਵਾਂ 16

3 ਤੁਹਾਡੇ ਕਨੂੰਨੀ ਅਧਿਕਾਰ 19

4 ਸਹਾਇਕ ਵਿਵਸਥਾਵਾਂ 20

5 ਤੁਹਾਡਾ ਮਾਹੌਲ 22

6 ਪਹਿਲੀਆਂ ਬੈਠਕਾਂ 23

**ਸੇਵਾ ਦਾ ਉਪਯੋਗ ਕਰਨਾ** (ਮਾਨਕ 7 ਤੋਂ 12) **21**

7 ਸਹਾਇਕ ਸੇਵਾ ਦਾ ਉਪਯੋਗ ਕਰਨਾ 26

8 ਵਿਕਲਪ ਚੁਣਨਾ 27

9 ਸਹਾਇਕ ਸੰਚਾਰ 28

10 ਸੁਰੱਖਿਅਤ ਮਹਿਸੂਸ ਕਰਨਾ 29

11 ਆਪਣੇ ਅਧਿਕਾਰਾਂ ਦਾ ਉਪਯੋਗ ਕਰਨਾ 30

12 ਆਪਣੇ ਵਿਚਾਰ ਵਿਅਕਤ ਕਰਨਾ 31

**ਦੈਨਿਕ ਜੀਵਨ** (ਮਾਨਕ 13 ਤੋਂ 16) **32**

13 ਜੀਵਨਸ਼ੈਲੀ – ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਅਤੇ ਮਾਨਤਾਵਾਂ 34

14 ਦੈਨਿਕ ਜੀਵਨ 35

15 ਸਿਹਤਮੰਦ ਖਾਣ-ਪੀਣ – ਜਿੱਥੇ ਸਹਾਇਕ ਸੇਵਾਵਾਂ ਭੋਜਨ ਉਪਲਬਧ ਕਰਾਉਂਦੀਆਂ ਹਨ 36

16 ਸੁਅਸਥ ਬਣੇ ਰਹਿਣਾ 37

**ਸਹਾਇਕ ਸੇਵਾ ਛੱਡਣਾ** (ਮਾਨਕ 17) **38**

17 ਸਹਾਇਕ ਸੇਵਾ ਛੱਡਣਾ 40

**ਅਨੁਲੱਗ ਏ: ਸ਼ਬਦਾਵਲੀ** **41**

**ਅਨੁਲੱਗ ਬੀ: ਉਪਯੋਗੀ ਸੰਦਰਭ ਸਮੱਗਰੀ** **44**

# ਭੂਮਿਕਾ

## ਰਾਸ਼ਟਰੀ ਦੇਖਭਾਲ ਮਾਨਕ

ਸਹਾਇਕ ਸੇਵਾਵਾਂ

# ਭੂਮਿਕਾ

## ਸਹਾਇਕ ਸੇਵਾਵਾਂ

ਸਹਾਇਕ ਸੇਵਾਵਾਂ ਉਹ ਸੇਵਾਵਾਂ ਹਨ ਜੋ ਵਰਤਮਾਨ ਵਿੱਚ 'ਡੇ ਕੇਅਰ' ਸਿਰਲੇਖ ਦੇ ਅਧੀਨ ਆਉਂਦੀਆਂ ਹਨ। ਇਨ੍ਹਾਂ ਵਿੱਚ ਘਰ ਵਿਖੇ ਦੇਖਭਾਲ ਅਤੇ ਆਵਾਸ ਸਬੰਧੀ ਸਹਾਇਤਾ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਅਲੱਗ ਮਾਨਕਾਂ ਦੇ ਅਧੀਨ ਕਵਰ ਕੀਤਾ ਗਿਆ ਹੈ। ਡੇ ਕੇਅਰ ਸੇਵਾਵਾਂ ਨੂੰ ਭਿੰਨ-ਭਿੰਨ ਵਿਵਿਸਥਾਵਾਂ ਦੇ ਅਧੀਨ ਸਟਾਫ ਸੇਵਾਵਾਂ ਜਾਂ ਸਵੈਸੇਵਕ ਸੇਵਾਵਾਂ ਦੁਆਰਾ ਉਪਲਬਧ ਕਰਾਇਆ ਜਾ ਸਕਦਾ ਹੈ। ਇਨ੍ਹਾਂ ਵਿੱਚ ਦੇਖਭਾਲ ਘਰ ਜਾਂ ਕੇਂਦਰ ਦੇ ਅੰਦਰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਸਮੇਤ ਸਮੁਦਾਏ ਵਿੱਚ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਜੋ ਕੇਂਦਰ ਵਿੱਚ ਅਧਾਰਤ ਨਹੀਂ ਹੈ, ਸ਼ਾਮਲ ਹਨ। ਦੇਖਭਾਲਕਰਤਾਵਾਂ ਲਈ ਡੇ ਕੇਅਰ, ਜਿੱਥੇ ਵੀ ਇਸ ਨੂੰ ਉਪਲਬਧ ਕਰਾਇਆ ਜਾਂਦਾ ਹੈ, ਇੱਕ ਮਹੱਤਵਪੂਰਨ ਰਾਹਤ ਸਾਧਨ ਹੈ (ਦੇਖਭਾਲਕਰਤਾਵਾਂ ਲਈ ਬ੍ਰੇਕਸ)।

ਸਹਾਇਕ ਸੇਵਾਵਾਂ ਦੁਆਰਾ ਭਿੰਨ-ਭਿੰਨ ਲੋਕਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ ਜਿਨ੍ਹਾਂ ਵਿੱਚ ਬਹੁਤ ਹੀ ਜਟਲ ਲੋੜਾਂ ਵਾਲੇ ਲੋਕਾਂ ਤੋਂ ਲੈ ਕੇ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਭਿੰਨ-ਭਿੰਨ ਸਮੇਂ ਬਿੰਦੂਆਂ ਤੇ ਸਮੇਂ-ਸੀਮਤ ਸਹਾਇਤਾ ਦੀ ਲੋੜ ਹੁੰਦੀ ਹੈ।

ਸਹਾਇਕ ਸੇਵਾਵਾਂ ਦਾ ਮੁੱਖ ਉਦੇਸ਼ ਆਪਣੀ ਪਸੰਦੀਦਾ ਜੀਵਨਸ਼ੈਲੀ ਦੀ ਯੋਜਨਾ ਬਣਾਉਣਾ ਅਤੇ ਉਸ ਨੂੰ ਪ੍ਰਾਪਤ ਕਰਨਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਸਹਾਇਕ ਸੇਵਾਵਾਂ ਨੂੰ:

- ਤੁਹਾਡੇ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਦੇਖਭਾਲ ਦਾ ਇੱਕ ਉੱਚ ਪੱਧਰ ਪ੍ਰਦਾਨ ਕੀਤਾ ਜਾ ਸਕੇ ਅਤੇ ਜਦੋਂ ਤੁਹਾਨੂੰ ਲੋੜ ਹੋਵੇ, ਸਹਾਇਤਾ ਉਪਲਬਧ ਕਰਾਈ ਜਾ ਸਕੇ;
- ਤੁਹਾਡੇ ਵਿਕਾਸ ਲਈ ਤੁਹਾਨੂੰ ਲੋੜੀਂਦੀ ਸਹਾਇਤਾ ਉਪਲਬਧ ਕਰਾਉਣਾ; ਅਤੇ
- ਤੁਹਾਡੇ ਜੀਵਨ ਦੇ ਸਾਰੇ ਪੈਹਲੂਆਂ ਵਿੱਚ ਤੁਹਾਡੇ ਵਿਅਕਤੀਗਤ ਲੱਕਸ਼ਾਂ ਦੀ ਦਿਸ਼ਾ ਵਿੱਚ ਕਾਰਜ ਕਰਨ ਲਈ ਤੁਹਾਨੂੰ ਲੋੜੀਂਦੇ ਮਾਰਗ-ਦਰਸ਼ਨ, ਦਿਸ਼ਾ-ਨਿਰਦੇਸ਼ ਅਤੇ ਸਹਾਇਤਾ ਉਪਲਬਧ ਕਰਾਉਣਾ।

ਇਹ ਮਾਨਕ ਉਸ ਕਾਰਜ-ਪ੍ਰਣਾਲੀ ਦੇ ਪ੍ਰਤੀਕ ਹਨ ਜਿਸ ਨਾਲ ਇਹ ਸੁਨਿਸ਼ਚਤ ਕੀਤਾ ਜਾਂਦਾ ਹੈ ਕਿ ਤੁਹਾਡਾ ਆਪਣੇ ਜੀਵਨ ਤੇ ਨਿਯੰਤ੍ਰਣ ਹੈ ਅਤੇ ਵਿਅਕਤੀਗਤ ਕੌਸ਼ਲ ਅਤੇ ਆਜ਼ਾਦੀ ਵਿਕਸਤ ਕਰਦੇ ਹਨ, ਅਤੇ ਇਹ ਸੁਨਿਸ਼ਚਤ ਕੀਤਾ ਜਾਂਦਾ ਹੈ ਕਿ ਪ੍ਰਦਾਤਾ, ਅਤੇ ਉੱਚਿਤ ਹੁੰਦਾ ਹੈ ਤਾਂ ਦੇਖਭਾਲਕਰਤਾ ਆਪਣੀਆਂ ਲੋੜਾਂ ਅਤੇ ਪਸੰਦ ਦੇ ਮੁਤਾਬਕ ਸੇਵਾ ਵਿੱਚ ਤਬਦੀਲੀ ਕਰਦੇ ਹਨ।

ਡੇ ਕੇਅਰ ਦਾ ਪਰੰਪਰਾਗਤ ਮਾਡਲ ਅਜਿਹੀ ਸੇਵਾ ਹੈ ਜਿਸ ਨੂੰ ਆਮ ਤੌਰ ਤੇ ਸੋਮਵਾਰ ਤੋਂ ਸ਼ੁੱਕਰਵਾਰ ਤਕ ਸਵੇਰੇ 9 ਵਜੇ ਤੋਂ ਸ਼ਾਮ ਦੇ 5 ਵਜੇ ਤਕ ਪ੍ਰਦਾਨ ਕੀਤਾ ਜਾਂਦਾ ਹੈ, ਅਤੇ ਇਹ ਭਵਨ ਵਿੱਚ ਅਧਾਰਤ ਹੈ। ਵਿਅਕਤੀ-ਕੇਂਦ੍ਰਿਤ ਕਾਰਜ-ਪ੍ਰਣਾਲੀ ਦੀਆਂ ਕਈ ਉਦਾਹਰਨਾਂ ਹਨ, ਜੋ ਸਮਾਜਕ ਸਮਾਵੇਸ਼ਨ ਦੀ ਨੀਤੀ ਦੇ ਅਨੁਰੂਪ ਹਨ, ਉਦਾਹਰਨ ਲਈ ਦੋਸਤ ਬਣਾਉਣ ਨਾਲ ਸਬੰਧਤ ਸੇਵਾਵਾਂ ਦਾ ਵਿਕਾਸ। ਇਸ ਦਾ ਉਦੇਸ਼ ਸਹਾਇਕ ਸੇਵਾਵਾਂ ਦਾ ਉਪਯੋਗ ਕਰਨ ਵਾਲੇ ਲੋਕਾਂ ਦੀ, ਕਈ ਗਤੀਵਿਧੀਆਂ ਜਿਨ੍ਹਾਂ ਵਿੱਚ ਭੁਗਤਾਨ ਸਮੇਤ ਰੁੱਜਗਾਰ, ਸਿੱਖਿਆ ਸਬੰਧੀ ਅਵਸਰ ਅਤੇ ਅਰਾਮ ਅਤੇ

ਮਨੋਰੰਜਨ ਸੇਵਾਵਾਂ ਵੀ ਸ਼ਾਮਲ ਹਨ, ਵਿੱਚ ਭਾਗ ਲੈ ਕੇ ਸਮੁਦਾਏ ਦਾ ਸਕ੍ਰਿਅ ਸਦੱਸ ਬਣੇ ਰਹਿਣ ਲਈ ਉਤਸ਼ਾਹ ਦੇਣਾ ਹੈ। ਇਸ ਦੇ ਨਾਲ-ਨਾਲ ਸਹਾਇਕ ਸੇਵਾਵਾਂ ਦੁਆਰਾ ਉਪਯੋਗ ਕੀਤੇ ਜਾਣ ਵਾਲੇ ਜ਼ਿਆਦਾ ਤੋਂ ਜ਼ਿਆਦਾ ਪਰਿਸਰਾਂ ਨੂੰ ਆਮ ਜਨਤਾ ਨੂੰ ਉਪਲਬਧ ਅਤੇ ਉਨ੍ਹਾਂ ਲਈ ਪਹੁੰਚ ਯੋਗ ਬਣਾਇਆ ਜਾ ਰਿਹਾ ਹੈ।

ਇੰਡੀਪੈਂਡੇਂਟ ਲਿਵਿੰਗ ਮੂਵਮੈਂਟ ਦੁਆਰਾ ਤੈਅ ਕੀਤੇ ਗਏ ਸਿੱਧਾਂਤਾਂ ਨਾਲ ਸਹਾਇਕ ਸੇਵਾਵਾਂ ਦੇ ਮਾਨਕ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿੱਚ ਹੇਠਾਂ ਦਿੱਤੇ ਚਿੰਨ੍ਹ ਸ਼ਾਮਲ ਹਨ:

- ਇਹ ਕਿ ਹਰ ਮਨੁੱਖ ਬਹੁਮੁੱਲਾ ਹੈ;
- ਇਹ ਕਿ ਕੋਈ ਵੀ, ਭਾਵੇਂ ਉਨ੍ਹਾਂ ਦਾ ਅਪਾਹਜਪੁਣਾ ਕੁਝ ਵੀ ਕਿਉਂ ਨਾ ਹੋਵੇ, ਉਹ ਵਿਕਲਪ ਚੁਣਨ ਲਈ ਸਮਰੱਥ ਹੈ;
- ਇਹ ਕਿ ਅਜਿਹੇ ਲੋਕ ਜੋ ਸਰੀਰਕ, ਬੌਧਕ ਅਤੇ ਸੰਵੇਦੀ ਅਪਾਹਜਪੁਣੇ ਅਤੇ ਭਾਵਨਾਤਮਕ ਪਰੇਸ਼ਾਨੀ ਦੇ ਪ੍ਰਤੀ ਸਮਾਜ ਦੀ ਪ੍ਰਤੀਕਿਰਿਆ ਦੇ ਕਾਰਨ ਅਸ਼ਕਤ ਹਨ, ਉਨ੍ਹਾਂ ਨੂੰ ਆਪਣੇ ਜੀਵਨ ਨੂੰ ਨਿਯੰਤ੍ਰਿਤ ਕਰਨ ਦਾ ਅਧਿਕਾਰ ਹੈ; ਅਤੇ
- ਇਹ ਕਿ ਅਸ਼ਕਤ ਲੋਕਾਂ ਨੂੰ ਸਮਾਜ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਦਾ ਅਧਿਕਾਰ ਹੈ।

## ਰਾਸ਼ਟਰੀ ਦੇਖਭਾਲ ਮਾਨਕ

ਸਕੋਟਿਸ਼ ਮੰਤਰੀ ਰਾਸ਼ਟਰੀ ਮਾਨਕਾਂ ਨੂੰ ਵਿਕਸਤ ਕਰਨ ਲਈ ਨੈਸ਼ਨਲ ਕੇਅਰ ਸਟੈਂਡਰਡਸ ਕਮੇਟੀ (NCSC) ਦੀ ਸਥਾਪਨਾ ਕਰਦੇ ਹਨ। NCSC ਨੇ ਕਈ ਕੰਮਕਾਜੀ ਸਮੂਹਾਂ ਦੀ ਮਦਦ ਨਾਲ ਇਸ ਕੰਮ ਨੂੰ ਕੀਤਾ। ਇਨ੍ਹਾਂ ਸਮੂਹਾਂ ਵਿੱਚ ਸਟਾਫ, ਪੇਸ਼ੇਵਰ ਐਸੋਸਿਏਸ਼ਨਾਂ, ਸਿਹਤ ਅਤੇ ਸਮਾਜਕ ਦੇਖਭਾਲ ਵਲੋਂ ਨਿਯਾਮਕਾਂ, ਸਥਾਨਕ ਅਧਿਕਾਰੀਆਂ, ਸਿਹਤ ਸਬੰਧੀ ਬੋਰਡਾਂ ਅਤੇ ਸੁਤੰਤਰ ਪ੍ਰਦਾਤਾਵਾਂ ਦੇ ਨਾਲ-ਨਾਲ, ਉਹ ਲੋਕ, ਜੋ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੇ ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਸ਼ਾਮਲ ਹਨ। ਕਈ ਹੋਰ ਲੋਕਾਂ ਨੂੰ ਵੀ ਮਸ਼ਵਰੇ ਦੀ ਪਰਕਿਰਿਆ ਵਿੱਚ ਸ਼ਾਮਲ ਕੀਤਾ ਗਿਆ ਸੀ।

ਸਿੱਟੇ ਵਜੋਂ, ਮਾਨਕਾਂ ਨੂੰ ਉਨ੍ਹਾਂ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਵਿਕਸਤ ਕੀਤਾ ਗਿਆ ਹੈ ਜੋ ਸੇਵਾਵਾਂ ਦੀ ਵਰਤੋਂ ਕਰਦੇ ਹਨ। ਉਹ ਵਿਆਖਿਆ ਕਰਦੇ ਹਨ ਕਿ ਹਰ ਵਿਅਕਤੀ ਸੇਵਾ ਪ੍ਰਦਾਤਾ ਤੋਂ ਕੀ ਉਮੀਦ ਕਰ ਸਕਦਾ ਹੈ। ਉਹ ਉਸ ਜੀਵਨ ਦੀ ਗੁਣਵੱਤਾ ਤੇ ਧਿਆਨ ਕੇਂਦ੍ਰਿਤ ਕਰਦੇ ਹਨ ਜਿਸ ਨੂੰ ਸੇਵਾ ਦੀ ਵਰਤੋਂ ਕਰਨ ਵਾਲਾ ਵਿਅਕਤੀ ਅਸਲ ਵਿੱਚ ਅਨੁਭਵ ਕਰਦਾ ਹੈ।

ਮਾਨਕਾਂ ਨੂੰ ਉਨ੍ਹਾਂ ਸ਼ੀਰਸ਼ਕਾਂ ਦੇ ਤੈਹਤ ਸਮੂਹ ਵਿੱਚ ਵੰਡਿਆ ਗਿਆ ਹੈ ਜੋ ਸੇਵਾ ਦੇ ਦੌਰਾਨ ਵਿਅਕਤੀ ਦੇ ਸਫਰ ਦੀ ਨਿਗਰਾਨੀ ਕਰਦੇ ਹਨ। ਇਨ੍ਹਾਂ ਨੂੰ ਹੇਠਾਂ ਦਿੱਤਾ ਗਿਆ ਹੈ।

**ਸੇਵਾ ਦੀ ਵਰਤੋਂ ਕਰਨ ਤੋਂ ਪਹਿਲਾਂ (ਮਾਨਕ 1 ਤੋਂ 4)**

1 ਸੂਚਿਤ ਕਰਨਾ ਅਤੇ ਫੈਸਲਾ ਕਰਨਾ
2 ਪ੍ਰਬੰਧਨ ਅਤੇ ਸਟਾਫ ਦੇ ਆਯੋਜਨ
3 ਤੁਹਾਡੇ ਕਨੂੰਨੀ ਅਧਿਕਾਰ
4 ਸਹਾਇਕ ਵਿਵਸਥਾਵਾਂ
5 ਤੁਹਾਡਾ ਮਾਹੌਲ
6 ਪਹਿਲੀਆਂ ਬੈਠਕਾਂ

**ਸੇਵਾ ਦਾ ਉਪਯੋਗ ਕਰਨਾ (ਮਾਨਕ 7 ਤੋਂ 12)**

7 ਸਹਾਇਕ ਸੇਵਾ ਦਾ ਉਪਯੋਗ ਕਰਨਾ
8 ਵਿਕਲਪ ਚੁਣਨਾ
9 ਸਹਾਇਕ ਸੰਚਾਰ
10 ਸੁਰੱਖਿਅਤ ਮਹਿਸੂਸ ਕਰਨਾ
11 ਆਪਣੇ ਅਧਿਕਾਰਾਂ ਦਾ ਉਪਯੋਗ ਅਤੇ ਜ਼ੁੰਮੇਵਾਰੀਆਂ ਨੂੰ ਨਿਭਾਉਣਾ
12 ਆਪਣੇ ਵਿਚਾਰ ਵਿਅਕਤ ਕਰਨਾ

**ਦੈਨਿਕ ਜੀਵਨ (ਮਾਨਕ 13 ਤੋਂ 16)**

13 ਜੀਵਨਸ਼ੈਲੀ – ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਮਾਨਤਾ ਅਤੇ ਵਿਸ਼ਵਾਸ
14 ਦੈਨਿਕ ਜੀਵਨ
15 ਸਿਹਤਮੰਦ ਖਾਣ-ਪੀਣ – ਜਿੱਥੇ ਸਹਾਇਕ ਸੇਵਾਵਾਂ ਭੋਜਨ ਉਪਲਬਧ ਕਰਾਉਂਦੀਆਂ ਹਨ
16 ਸੁਅਸਥ ਬਣੇ ਰਹਿਣਾ

**ਸਹਾਇਕ ਸੇਵਾ ਛੱਡਣਾ (ਮਾਨਕ 17)**

17 ਸਹਾਇਕ ਸੇਵਾ ਨੂੰ ਛੱਡਣਾ

## ਰਾਸ਼ਟਰੀ ਦੇਖਭਾਲ ਮਾਨਕਾਂ ਦੀ ਵਰਤੋਂ ਕਰਨਾ

ਜੇ ਤੁਸੀਂ ਘਰੇਲੂ ਸਮਰਥਨ ਸੇਵਾਵਾਂ ਦੀ ਵਰਤੋਂ ਕਰਨ ਬਾਰੇ ਸੋਚ ਰਹੇ ਹੋ, ਤਾਂ ਤੁਹਾਡੀ ਫੈਸਲਾ ਕਰਨ ਵਿੱਚ ਆਪਣੀ ਮਦਦ ਕਰਨ ਲਈ ਮਾਨਕਾਂ ਨੂੰ ਦੇਖਣ ਦੀ ਇੱਛਾ ਹੋਵੇਗੀ। ਤੁਸੀਂ ਮਾਨਕਾਂ ਦੇ ਬਾਰੇ ਹੇਠਾਂ ਦੇ ਨਾਲ ਚਰਚਾ ਕਰਨ ਦੀ ਇੱਛਾ ਰੱਖ ਸਕਦੇ ਹੋ:

- ਕਰਮਚਾਰੀ ਜਾਂ ਮੈਨੇਜਰ;
- ਤੁਹਾਡਾ ਸਮਾਜਕ ਕਾਰਜ-ਕਰਤਾ ਜਾਂ ਦੇਖਭਾਲ ਪ੍ਰਬੰਧਨ, ਜੇ ਤੁਹਾਡਾ ਕੋਈ ਹੈ; ਜਾਂ
- ਤੁਹਾਡੇ ਵਲੋਂ ਕਿਰਿਆ ਕਰਨ ਵਾਲਾ ਕੋਈ ਹੋਰ ਵਿਅਕਤੀ, ਉਦਾਹਰਨ ਲਈ, ਤੁਹਾਡਾ ਵਕੀਲ ਜਾਂ ਹੋਰ ਸੁਤੰਤਰ ਨੁਮਾਇੰਦਾ

ਜੇ ਗੱਲਾਂ ਗਲਤ ਹੋ ਜਾਂਦੀਆਂ ਹਨ, ਤਾਂ ਤੁਸੀਂ ਚਿੰਤਾਵਾਂ ਨੂੰ ਵਿਅਕਤ ਕਰਨ ਜਾਂ ਸ਼ਿਕਾਇਤ ਕਰਨ ਵਿੱਚ ਆਪਣੀ ਮਦਦ ਕਰਨ ਲਈ ਮਾਨਕਾਂ ਨੂੰ ਦੇਖ ਸਕਦੇ ਹੋ। (‘ਆਪਣੇ ਵਿਚਾਰਾਂ ਨੂੰ ਵਿਅਕਤ ਕਰਨਾ’ ਨੂੰ ਦੇਖੋ, ਮਾਨਕ 12.)

ਪ੍ਰਦਾਤਾ ਇਹ ਪਤਾ ਲਗਾਉਣ ਲਈ ਮਾਨਕਾਂ ਦੀ ਵਰਤੋਂ ਕਰਨਗੇ ਕਿ ਘਰੇਲੂ ਸਮਰਥਨ ਸੇਵਾਵਾਂ ਦੀ ਪੇਸ਼ਕਸ਼ ਕਰਨ ਵਿੱਚ ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਮਾਨਕ ਇਹ ਸਪਸ਼ਟ ਕਰਦੇ ਹਨ ਕਿ ਸੇਵਾ ਬਾਰੇ ਹਰ ਇੱਕ ਗੱਲ ਨੂੰ ਚੰਗੀ ਜੀਵਨ ਦੀ ਗੁਣਵੱਤਾ ਦਾ ਆਨੰਦ ਲੈਣ ਦੀ ਤੁਹਾਡੀ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਪ੍ਰਦਾਤਾ ਨੂੰ ਹੇਠਾਂ ਬਾਰੇ ਦਿਸ਼ਾ-ਨਿਰਦੇਸ਼ਤ ਕਰਨਾ ਚਾਹੀਦਾ ਹੈ:

- ਕੋਈ ਭਵਨ ਸਬੰਧੀ ਲੋੜਾਂ;
- ਕਿਸ ਨੂੰ ਕੰਮ ਤੇ ਰੱਖੀਏ; ਅਤੇ
- ਉਨ੍ਹਾਂ ਨੂੰ ਸਹਾਇਕ ਸੇਵਾ ਦਾ ਪ੍ਰਬੰਧਨ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ।

## ਮਾਨਕਾਂ ਦੇ ਪਿੱਛੇ ਸਿੱਧਾਂਤ

ਮਾਨਕ ਸਿੱਧਾਂਤਾਂ ਦੇ ਸੈਟ ਤੇ ਅਧਾਰਤ ਹਨ। ਸਿੱਧਾਂਤ ਖੁਦ ਮਾਨਕ ਨਹੀਂ ਹਨ ਪਰ ਇਹ ਉਨ੍ਹਾਂ ਮਾਨਤਾ-ਪ੍ਰਾਪਤ ਅਧਿਕਾਰਾਂ ਨੂੰ ਪ੍ਰਤੀਬਿੰਬ ਕਰਦੇ ਹਨ ਜਿਨ੍ਹਾਂ ਦਾ ਤੁਸੀਂ ਇੱਕ ਨਾਗਰਕ ਵਜੋਂ ਆਨੰਦ ਲੈਂਦੇ ਹੋ। ਇਹ ਸਿੱਧਾਂਤ NCSC, ਇਸ ਦੇ ਕੰਮਕਾਜੀ ਸਮੂਹਾਂ ਅਤੇ ਉਸ ਹਰ ਵਿਅਕਤੀ ਦੁਆਰਾ, ਜਿਸ ਨੇ ਮਾਨਕਾਂ ਤੇ ਮਸ਼ਵਰੇ ਦੇ ਪ੍ਰਤੀ ਪ੍ਰਤੀਕਿਰਿਆ ਕੀਤੀ ਕਿਉਂਕਿ ਉਨ੍ਹਾਂ ਨੂੰ ਲਿੱਖਿਆ ਜਾ ਰਿਹਾ ਸੀ, ਕੀਤੇ ਸਾਰੇ ਯੋਗਦਾਨਾਂ ਦਾ ਸਿੱਟਾ ਹਨ। ਉਹ ਸਵੀਕਾਰ ਕਰਦੇ ਹਨ ਕਿ ਸੇਵਾਵਾਂ ਦਾ ਕਾਲੇ ਅਤੇ ਜਾਤੀ ਅਲਪਸੰਖਿਅਕ ਸਮੁਦਾਇਆਂ ਵਾਲੇ ਲੋਕਾਂ ਸਮੇਤ, ਉਸ ਹਰ ਵਿਅਕਤੀ ਲਈ ਪਹੁੰਚਯੋਗ ਅਤੇ ਉੱਚਿਤ ਹੋਣਾ ਲਾਜ਼ਮੀ ਹੈ ਜਿਨ੍ਹਾਂ ਨੂੰ ਵੀ ਉਨ੍ਹਾਂ ਦੀ ਲੋੜ ਹੁੰਦੀ ਹੈ। ਉਹ ਇੱਕ ਅਜਿਹੇ ਜਬਰਦਸਤ ਸਮਝੌਤੇ ਨੂੰ ਦਰਸ਼ਾਉਂਦੇ ਹਨ ਕਿ ਸੇਵਾਵਾਂ ਨੂੰ ਪ੍ਰਾਪਤ ਕਰਨ ਦਾ ਤੁਹਾਡਾ ਅਨੁਭਵ ਬਹੁਤ ਮਹੱਤਵਪੂਰਨ ਹੈ ਅਤੇ ਇਹ ਸਕਾਰਾਤਮਕ ਹੋਣਾ ਚਾਹੀਦਾ ਹੈ, ਅਤੇ ਇਹ ਕਿ ਤੁਹਾਡੇ ਕੋਲ ਇਸ ਦੇ ਅਧਿਕਾਰ ਹਨ।

## ਮੁੱਖ ਸਿੱਧਾਂਤ

ਸਿੱਧਾਂਤ ਪ੍ਰਤਿਸ਼ਠਾ, ਨਿਜਤਾ, ਵਿਕਲਪ, ਸੁਰੱਖਿਆ, ਅਹਿਸਾਸ ਦੀ ਸੰਭਾਵਨਾ ਅਤੇ ਸਮਾਨਤਾ ਅਤੇ ਵਿਵਿਧਤਾ ਹਨ।

## ਪ੍ਰਤਿਸ਼ਠਾ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਹਰ ਵੇਲੇ ਪ੍ਰਤਿਸ਼ਠਾ ਅਤੇ ਸਤਿਕਾਰ ਨਾਲ ਵਿਹਾਰ ਕੀਤਾ ਜਾਣਾ; ਅਤੇ
- ਸਮਾਜਕ ਸਬੰਧਾਂ ਦੀ ਪੂਰੀ ਰੇਂਜ਼ ਦਾ ਆਨੰਦ ਲੈਣਾ।

## ਨਿਜਤਾ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਤੁਹਾਡੀ ਨਿਜਤਾ ਅਤੇ ਸੰਪੱਤੀ ਦਾ ਸਤਿਕਾਰ ਕੀਤਾ ਜਾਣਾ, ਅਤੇ ਉਸ ਸਮੇਂ, ਗੁੱਪਤਤਾ ਅਤੇ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਤੁਹਾਡਾ ਅਧਿਕਾਰ ਜਿਨ੍ਹਾਂ ਦੀ ਤੁਹਾਨੂੰ ਲੋੜ ਹੁੰਦੀ ਹੈ ਅਤੇ ਤੁਹਾਡੀ ਇੱਛਾ ਹੁੰਦੀ ਹੈ; ਅਤੇ
- ਉੰਨੀ ਦੇਰ ਤਕ ਦਖਲ ਤੋਂ ਮੁਕਤ ਹੋਣਾ ਜਦੋਂ ਤਕ ਇਹ ਤੁਹਾਡੇ ਅਤੇ ਬਾਕੀ ਹਰ ਕਿਸੇ ਲਈ ਸੁਰੱਖਿਅਤ ਹੁੰਦਾ ਹੈ।

## ਵਿਕਲਪ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਉਸੇ ਨੂੰ ਕਰਨ ਲਈ ਹੋਰ ਲੋਕਾਂ ਦੇ ਅਧਿਕਾਰਾਂ ਨੂੰ ਮਾਨਤਾ ਦੇਣ ਵੇਲੇ, ਸੂਚਿਤ ਫੈਸਲੇ ਕਰਨਾ;
- ਵਿਕਲਪਾਂ ਦੀ ਰੇਂਜ਼ ਬਾਰੇ ਜਾਣਨਾ; ਅਤੇ
- ਸਾਰੇ ਵਿਕਲਪਾਂ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਉਸ ਦੀ ਚੋਣ ਕਰਨ ਵਿੱਚ ਮਦਦ ਪ੍ਰਾਪਤ ਕਰਨਾ ਜੋ ਕਿ ਤੁਹਾਡੇ ਲਈ ਸਹੀ ਹੈ।

## ਸੁਰੱਖਿਆ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਸਿਹਤ ਅਤੇ ਕਲਿਆਣ ਸਮੇਤ, ਜ਼ਿੰਦਗੀ ਦੇ ਸਾਰੇ ਪੈਹਲੂਆਂ ਵਿੱਚ ਸੁਰੱਖਿਅਤ ਮਹਿਸੂਸ ਕਰਨਾ;
- ਸੁਰੱਖਿਆ ਦਾ ਆਨੰਦ ਲੈਣਾ ਪਰ ਲੋੜ ਤੋਂ ਜ਼ਿਆਦਾ ਰੱਖਿਅਕ ਨਾ ਹੋਣਾ; ਅਤੇ
- ਸ਼ੋਸ਼ਣ ਅਤੇ ਦੁਰਵਰਤੋਂ ਤੋਂ ਮੁਕਤ ਹੋਣਾ।

## ਅਹਿਸਾਸ ਦੀ ਸੰਭਾਵਨਾ

**ਹੇਠਾਂ ਲਈ ਅਵਸਰ ਹੋਣ ਦਾ ਤੁਹਾਡਾ ਅਧਿਕਾਰ:**

- ਉਸ ਸਾਰੇ ਨੂੰ ਹਾਸਲ ਕਰਨਾ ਜੋ ਕਿ ਤੁਸੀਂ ਕਰ ਸਕਦੇ ਹੋ;
- ਉਨ੍ਹਾਂ ਸਰੋਤਾਂ ਦੀ ਪੂਰੀ ਤਰ੍ਹਾਂ ਵਰਤੋਂ ਕਰਨਾ ਜੋ ਕਿ ਤੁਹਾਡੇ ਲਈ ਉਪਲਬਧ ਹਨ; ਅਤੇ
- ਆਪਣੀ ਜ਼ਿੰਦਗੀ ਦਾ ਵੱਧ ਤੋਂ ਵੱਧ ਫਾਇਦਾ ਚੁੱਕਣਾ।

## ਸਮਾਨਤਾ ਅਤੇ ਵਿਵਿਧਤਾ

**ਹੇਠਾਂ ਲਈ ਤੁਹਾਡਾ ਅਧਿਕਾਰ:**

- ਸੁਤੰਤਰ ਜੀਵਨ ਜਿਉਣਾ, ਉਦੇਸ਼ ਵਿੱਚ ਭਰਪੂਰ, ਭਾਵ ਅਤੇ ਵਿਅਕਤੀਗਤ ਉਪਲਬਧੀ;
- ਆਪਣੇ ਨੈਤਿਕ ਪਿਛੋਕੜ, ਭਾਸ਼ਾ, ਸੱਭਿਆਚਾਰ ਅਤੇ ਵਿਸ਼ਵਾਸ ਦਾ ਸਤਿਕਾਰ ਕਰਨਾ;
- ਬਰਾਬਰੀ ਨਾਲ ਵਿਹਾਰ ਕੀਤਾ ਜਾਣਾ ਅਤੇ ਅਜਿਹੇ ਮਾਹੌਲ ਵਿੱਚ ਜਿਉਣਾ ਜੋ ਕਿ ਬਦਮਾਸ਼ੀ, ਸ਼ੋਸ਼ਣ ਅਤੇ ਭੇਦਭਾਵ ਤੋਂ ਮੁਕਤ ਹੈ; ਅਤੇ
- ਤੰਗ ਕਰਨ ਦੇ ਡਰ ਤੋਂ ਬਿਨਾਂ ਪ੍ਰਭਾਵਸ਼ਾਲੀ ਢੰਗ ਨਾਲ ਸ਼ਿਕਾਇਤ ਕਰਨ ਦੇ ਯੋਗ ਹੋਣਾ।

### ਦੇਖਭਾਲ ਦੇ ਨਿਯਾਮਕ ਲਈ ਸਕੋਟਿਸ਼ ਕਮਿਸ਼ਨ

ਰੈਗੁਲੇਸ਼ਨ ਆਫ ਕੇਅਰ (ਸਕਾਟਲੈਂਡ) ਐਕਟ 2001 ('ਐਕਟ') ਕੇਅਰ ਕਮਿਸ਼ਨ ਦੀ ਸਥਾਪਨਾ ਕਰਦਾ ਹੈ, ਜੋ ਸਕੋਟਿਸ਼ ਮੰਤਰੀਆਂ ਦੁਆਰਾ ਜਾਰੀ ਕੀਤੇ ਰਾਸ਼ਟਰੀ ਦੇਖਭਾਲ ਦੇ ਮਾਨਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਐਕਟ ਦੇ ਤੈਹਤ ਆਉਣ ਵਾਲੀਆਂ ਸਾਰੀਆਂ ਸੇਵਾਵਾਂ ਦਾ ਪੰਜੀਕਰਨ ਕਰਦੇ ਹਨ ਅਤੇ ਜਾਂਚ ਕਰਦੇ ਹਨ। ਕੇਅਰ ਕਮਿਸ਼ਨ ਦੇ ਦੇਸ਼ ਭਰ ਵਿੱਚ ਖੇਤਰੀ ਦਫਤਰਾਂ ਦੇ ਨਾਲ, ਡੰਡੀ ਵਿੱਚ ਇਸ ਦੇ ਮੁਖ-ਦਫਤਰ ਹਨ। ਇਹ ਉਨ੍ਹਾਂ ਲੋਕਾਂ ਤੋਂ ਅਰਜ਼ੀਆਂ ਦਾ ਮੁਲਾਂਕਣ ਕਰੇਗਾ ਜੋ ਘਰੇਲੂ ਸਮਰਥਨ ਸੇਵਾਵਾਂ ਪ੍ਰਦਾਨ ਕਰਨਾ ਚਾਹੁੰਦੇ ਹਨ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸੇਵਾਵਾਂ ਦੀ ਜਾਂਚ ਕਰੇਗਾ ਕਿ ਉਹ ਨਿਯਾਮਕਾਂ ਨੂੰ ਪੂਰਾ ਕਰ ਰਹੇ ਹਨ ਅਤੇ ਅਜਿਹਾ ਕਰਨਾ ਰਾਸ਼ਟਰੀ ਦੇਖਭਾਲ ਮਾਨਕਾਂ ਨੂੰ ਧਿਆਨ ਵਿੱਚ ਰੱਖੇਗਾ। ਤੁਸੀਂ ਕੇਅਰ ਕਮਿਸ਼ਨ ਅਤੇ ਇਸ ਬਾਰੇ, ਕਿ ਇਹ ਕੀ ਕਰਦੀ ਹੈ, ਵਧੇਰੀ ਜਾਣਕਾਰੀ ਨੂੰ ਇਸ ਦੀ ਵੈੱਬਸਾਈਟ (www.carecommission.com) ਤੇ ਦੇਖ ਸਕਦੇ ਹੋ।

### ਸਕੋਟਿਸ਼ ਸਮਾਜਕ ਸੇਵਾਵਾਂ ਦੀ ਕੌਂਸਲ

ਐਕਟ ਨੇ ਸਕੋਟਿਸ਼ ਸਮਾਜਕ ਸੇਵਾਵਾਂ ਦੀ ਕੌਂਸਲ ਦੀ ਰਚਨਾ ਕੀਤੀ ('ਕੌਂਸਲ') ਜਿਸ ਦੀ 1 ਅਕਤੂਬਰ, 2001 ਵਿੱਚ ਸਥਾਪਨਾ ਕੀਤੀ ਗਈ ਸੀ। ਡੰਡੀ ਵਿੱਚ ਇਸ ਦੇ ਮੁੱਖ-ਦਫਤਰ ਵੀ ਹਨ। ਕੌਂਸਲ ਦਾ ਸਮਾਜਕ ਸੇਵਾਵਾਂ ਦੇ ਕਾਰਜ-ਕਰਤਾਵਾਂ ਦੇ ਵਿੱਚ ਸੰਚਾਲਨ ਅਤੇ ਕਾਰਜ-ਪ੍ਰਣਾਲੀ ਦੇ ਉੱਚ ਮਾਨਕਾਂ, ਅਤੇ ਉਨ੍ਹਾਂ ਦੀ ਸਿੱਖਿਆ ਅਤੇ ਸਿਖਲਾਈ ਦਾ ਪ੍ਰਚਾਰ ਕਰਨ ਦਾ ਕਰਤੱਵ ਹੈ। ਸੇਵਾ ਉਪਭੋਗਤਾਵਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਰੱਖਿਆ ਕਰਨ ਅਤੇ ਸਮਾਜਕ ਸੇਵਾਵਾਂ ਵਿੱਚ ਲੋਕਾਂ ਦੇ ਆਤਮ-ਵਿਸ਼ਵਾਸ ਨੂੰ ਸੁਰੱਖਿਅਤ ਕਰਨ ਦੇ ਇਸ ਦੇ ਸਮੁੱਚੇ ਉਦੇਸ਼ਾਂ ਨੂੰ ਪੂਰਾ ਕਰਨ ਲਈ, ਕੌਂਸਲ ਨੂੰ ਪੰਜ ਮੁੱਖ ਕਾਰਜ ਦਿੱਤੇ ਗਏ ਹਨ। ਇਹ ਹਨ: ਸਮਾਜਕ ਸੇਵਾਵਾਂ ਦੇ ਸਟਾਫ ਦੇ ਮੁੱਖ ਸਮੂਹਾਂ ਦੇ ਰਜਿਸਟਰਾਂ ਦੀ ਸਥਾਪਨਾ ਕਰਨਾ; ਸਾਰੇ ਸਮਾਜਕ ਸੇਵਾਵਾਂ ਦੇ ਸਟਾਫ ਅਤੇ ਉਨ੍ਹਾਂ ਦੇ ਮਾਲਕਾਂ ਲਈ ਕਾਰਜ-ਪ੍ਰਣਾਲੀ ਦੇ ਕੋਡਾਂ ਨੂੰ ਜਾਰੀ ਕਰਨਾ; ਪੰਜੀਕ੍ਰਿਤ ਕਾਰਜ-ਕਰਤਾਵਾਂ ਦੇ ਸੰਚਾਲਨ ਨੂੰ ਨਿਯੰਤ੍ਰਿਤ ਕਰਨਾ; ਕਰਮਚਾਰੀਆਂ ਦੀ ਸਿਖਲਾਈ ਅਤੇ ਸਿੱਖਿਆ ਨੂੰ ਨਿਯੰਤ੍ਰਿਤ ਕਰਨਾ; ਵਿਅਕਤੀਗਤ ਸਮਾਜਕ ਸੇਵਾਵਾਂ ਲਈ ਰਾਸ਼ਟਰੀ ਸਿਖਲਾਈ ਸੰਗਠਨ ਦੇ ਕਾਰਜਾਂ ਨੂੰ ਸ਼ੁਰੂ ਕਰਨਾ। ਕੌਂਸਲ ਨੇ ਸਮਾਜਕ ਸੇਵਾ ਦੇ ਕਾਰਜ-ਕਰਤਾਵਾਂ ਅਤੇ ਸਮਾਜਕ ਸੇਵਾ ਦੇ ਕਾਰਜਕਰਤਾਵਾਂ ਦੇ ਮਾਲਕਾਂ ਲਈ ਕਾਰਜ-ਪ੍ਰਣਾਲੀ ਦੇ ਕੋਡ ਜਾਰੀ ਕੀਤੇ ਹਨ। ਇਹ ਸੰਚਾਲਨ ਅਤੇ ਕਾਰਜ-ਪ੍ਰਣਾਲੀ ਦੇ ਮਾਨਕਾਂ ਦੀ ਵਿਆਖਿਆ ਕਰਦੇ ਹਨ ਜਿਨ੍ਹਾਂ ਦੇ ਅੰਦਰ ਉਨ੍ਹਾਂ ਨੂੰ ਕੰਮ ਕਰਨਾ ਚਾਹੀਦਾ ਹੈ। ਕੋਡਾਂ ਨੂੰ ਕੌਂਸਲ ਦੀ ਵੈਬਸਾਇਟ ਤੋਂ ਉਪਲਬਧ ਕਰਾਇਆ ਜਾਂਦਾ ਹੈ (www.sssc.uk.com)।

### ਮਾਨਕ ਅਤੇ ਨਿਯਾਮਕ ਇਕੱਠੇ ਕਿਵੇਂ ਕੰਮ ਕਰਦੇ ਹਨ

ਐਕਟ ਸਕੋਟਿਸ਼ ਮੰਤਰੀਆਂ ਨੂੰ ਉਨ੍ਹਾਂ ਮਾਨਕਾਂ ਨੂੰ ਜਾਰੀ ਕਰਨ ਦੀ ਤਾਕਤ ਦਿੰਦਾ ਹੈ ਜਿਨ੍ਹਾਂ ਤੇ ਕੇਅਰ ਕਮਿਸ਼ਨ ਦਾ ਉਦੋਂ ਵਿਚਾਰ ਕਰਨਾ ਲਾਜ਼ਮੀ ਹੈ ਜਦੋਂ ਉਹ ਆਪਣੇ ਫੈਸਲੇ ਕਰ ਰਹੇ ਹੁੰਦੇ ਹਨ। ਇਹ ਸਕੋਟਿਸ਼ ਮੰਤਰੀਆਂ ਨੂੰ ਘਰੇਲੂ ਸਮਰਥਨ ਸੇਵਾਵਾਂ ਦੇ ਸਬੰਧ ਵਿੱਚ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਯਾਮਕਾਂ ਨੂੰ ਬਣਾਉਣ ਦੀ ਤਾਕਤ ਵੀ ਦਿੰਦੀ ਹੈ।

ਮਾਨਕਾਂ ਤੇ ਪੰਜੀਕਰਨ ਲਈ ਅਰਜ਼ੀਆਂ ਬਾਰੇ ਕੋਈ ਵੀ ਫੈਸਲਾ ਕਰਨ ਵਿੱਚ ਕੇਅਰ ਕਮਿਸ਼ਨ ਦੁਆਰਾ ਵਿਚਾਰ ਕੀਤਾ ਜਾਵੇਗਾ (ਉਸ ਸ਼ਰਤ ਨੂੰ ਘਟਾਉਣ-ਵਧਾਉਣ ਜਾਂ ਹਟਾਉਣ ਸਮੇਤ ਜਿਸ ਨੂੰ ਸੇਵਾ ਦੇ ਪੰਜੀਕਰਨ ਤੇ ਲਾਗੂ ਕੀਤਾ ਗਿਆ ਹੋ ਸਕਦਾ ਹੈ)। ਸਾਰੇ ਪ੍ਰਦਾਤਾਵਾਂ ਦਾ ਉਦੋਂ ਕਾਰਜ ਅਤੇ ਉਦੇਸ਼ ਦੇ ਕਥਨ ਨੂੰ ਪ੍ਰਦਾਨ ਕਰਨਾ ਲਾਜ਼ਮੀ ਹੈ ਜਦੋਂ ਉਹ ਉਨ੍ਹਾਂ ਦੀ ਸੇਵਾ ਨੂੰ ਰਜਿਸਟਰ ਕਰਨ ਲਈ ਅਰਜ਼ੀ ਦੇ ਰਹੇ ਹੁੰਦੇ ਹਨ। ਉਸ ਕਥਨ ਦੇ ਅਧਾਰ ਤੇ, ਕੇਅਰ ਕਮਿਸ਼ਨ ਇਹ ਪਤਾ ਲਗਾਵੇਗੀ ਕਿ ਕਿਹੜੇ ਮਾਨਕ ਉਸ ਸੇਵਾ ਤੇ ਲਾਗੂ ਹੋਣਗੇ ਜਿਸ ਦੀ ਪ੍ਰਦਾਤਾ ਪੇਸ਼ਕਸ਼ ਕਰ ਰਿਹਾ ਹੈ।

ਮਾਨਕਾਂ ਦੀ ਸੇਵਾਵਾਂ ਦੀ ਗੁਣਵੱਤਾ ਅਤੇ ਐਕਟ ਅਤੇ ਨਿਯਾਮਕਾਂ ਦੇ ਅਨੁਪਾਲਣ ਦਾ ਨਿਰੀਖਣ ਕਰਨ ਲਈ ਵਰਤੋਂ ਕੀਤੀ ਜਾਵੇਗੀ। ਜੇ, ਜਾਂਚ ਤੇ, ਜਾਂ ਕਿਸੇ ਹੋਰ ਸਮੇਂ ਤੇ, ਉਦਾਹਰਨ ਲਈ, ਕੇਅਰ ਕਮਿਸ਼ਨ ਦੀ ਕਿਸੇ ਸ਼ਿਕਾਇਤ ਤੇ ਨਜ਼ਰ ਮਾਰਨ ਦੇ ਸਿੱਟੇ ਵਜੋਂ, ਸੇਵਾ ਬਾਰੇ ਕੋਈ ਚਿੰਤਾਵਾਂ ਹੁੰਦੀਆਂ ਹਨ, ਤਾਂ ਕੇਅਰ ਕਮਿਸ਼ਨ ਇਸ ਬਾਰੇ ਕਿਸੇ ਵੀ ਫੈਸਲੇ ਵਿੱਚ ਮਾਨਕਾਂ ਤੇ ਵਿਚਾਰ ਕਰੇਗੀ ਕਿ ਕੀ ਦਰਿੜ੍ਹੀਕਰਨ ਦੀ ਕਿਰਿਆ ਨੂੰ ਕਰਨਾ ਹੈ ਜਾਂ ਨਹੀਂ ਅਤੇ ਕਿਹੜੀ ਕਿਰਿਆ ਕਰਨੀ ਹੈ।

ਜੇ ਮਾਨਕਾਂ ਨੂੰ ਸੰਪੂਰਨ ਤੌਰ ਤੇ ਪੂਰਾ ਨਹੀਂ ਕੀਤਾ ਜਾ ਰਿਹਾ ਹੈ, ਤਾਂ ਕੇਅਰ ਕਮਿਸ਼ਨ ਜਾਂਚ ਰਿਪੋਰਟ ਵਿੱਚ ਇਸ ਨੂੰ ਸੂਚਿਤ ਕਰੇਗੀ ਅਤੇ ਇਸ ਦਾ ਸੰਬੋਧਨ ਕਰਨ ਲਈ ਸੇਵਾ ਪ੍ਰਬੰਧਕ ਦੀ ਲੋੜ ਹੋਵੇਗੀ। ਕੇਅਰ ਕਮਿਸ਼ਨ ਸੇਵਾ ਦੇ ਪੰਜੀਕਰਨ ਤੇ ਵਾਧੂ ਸ਼ਰਤ ਨੂੰ ਲਾਗੂ ਕਰ ਸਕਦੀ ਹੈ ਜੇ ਪ੍ਰਦਾਤਾ ਲਗਾਤਾਰ, ਕਾਫੀ ਜ਼ਿਆਦਾ ਵਾਰੀ ਜਾਂ ਗੰਭੀਰਤਾ ਨਾਲ ਮਾਨਕਾਂ ਨੂੰ ਪੂਰਾ ਕਰਨ ਵਿੱਚ ਵਿਫਲ ਹੋਇਆ ਸੀ ਜਾਂ ਉਸ ਨੇ ਨਿਯਾਮਕ ਦੀ ਉਲੰਘਣਾ ਕੀਤੀ ਸੀ। ਜੇ ਪ੍ਰਦਾਤਾ ਫੇਰ ਸ਼ਰਤ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਕੇਅਰ ਕਮਿਸ਼ਨ ਕੀਤੇ ਜਾਣ ਵਾਲੇ ਲੋੜੀਂਦੇ ਸੁਧਾਰ ਅਤੇ ਇਸ ਲਈ ਸਮੇਂ ਦੀ ਸੀਮਾ ਦੀ ਵਿਆਖਿਆ ਕਰਨ ਵਾਲੇ ਸੁਧਾਰ ਦੇ ਨੋਟਿਸ ਨੂੰ ਜਾਰੀ ਕਰ ਸਕਦੀ ਹੈ। ਵਿਕਲਪਿਕ ਤੌਰ ਤੇ, ਕੇਅਰ ਕਮਿਸ਼ਨ ਸਿੱਧਾ ਸੁਧਾਰ ਨੋਟਿਸ ਵੱਲ ਵੀ ਵਧ ਸਕਦੀ ਹੈ। ਕੇਅਰ ਕਮਿਸ਼ਨ ਕਿਸੇ ਵੀ ਸੇਵਾ ਦੇ ਪੰਜੀਕਰਨ ਨੂੰ ਰੱਦ ਕਰਨ ਲਈ ਕਦਮ ਪੁੱਟੇਗੀ ਜੇ ਸੁਧਾਰ ਨੋਟਿਸ ਨਾਲ ਇੱਛਤ ਸਿੱਟਾ ਹਾਸਲ ਨਹੀਂ ਹੁੰਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ (ਉਦਾਹਰਨ ਲਈ, ਜਿੱਥੇ ਕਿਸੇ ਵਿਅਕਤੀ ਦੇ ਜੀਵਨ, ਸਿਹਤ ਜਾਂ ਕਲਿਆਣ ਨੂੰ ਗੰਭੀਰ ਜੋਖਮ ਹੁੰਦਾ ਹੈ) ਕੇਅਰ ਕਮਿਸ਼ਨ ਸੁਧਾਰ ਨੋਟਿਸ ਨੂੰ ਜਾਰੀ ਕਰਨ ਤੋਂ ਬਿਨਾਂ ਕਿਸੇ ਵੀ ਸੇਵਾ ਦੇ ਪੰਜੀਕਰਨ ਨੂੰ ਰੱਦ ਕਰਨ ਦੇ ਤਤਕਾਲ ਕਦਮ ਚੁੱਕ ਸਕਦੀ ਹੈ।

ਨਿਯਾਮਕ ਲਾਜ਼ਮੀ ਹਨ। ਕੁਝ ਮਾਮਲਿਆਂ ਵਿੱਚ ਨਿਯਾਮਕ ਨੂੰ ਪੂਰਾ ਨਾ ਕਰਨਾ ਅਪਰਾਧ ਹੋਵੇਗਾ। ਇਸ ਤੋਂ ਇਹ ਭਾਵ ਹੁੰਦਾ ਹੈ ਕਿ ਪ੍ਰਦਾਤਾ ਉਸ ਦੇ ਖਿਲਾਫ ਮੁਕਦਮਾ ਹੋਣ ਦੇ ਅਧੀਨ ਹੋ ਸਕਦਾ ਹੈ। ਕਿਸੇ ਨਿਯਾਮਕ ਨੂੰ ਪੂਰਾ ਨਾ ਕਰਨਾ ਜਾਂ ਉਸ ਦੀ ਉਲੰਘਣਾ ਕਰਨਾ ਇੱਕ ਗੰਭੀਰ ਮਸਲਾ ਹੈ।

ਉਦੋਂ ਇਸ ਬਾਰੇ, ਕਿ ਕੀ ਕਰਨਾ ਚਾਹੀਦਾ ਹੈ ਜਦੋਂ ਮਾਨਕਾਂ ਜਾਂ ਨਿਯਾਮਕਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਹੈ, ਕੇਅਰ ਕਮਿਸ਼ਨ ਦੁਆਰਾ ਫੈਸਲੇ ਸਾਰੇ ਢੁੱਕਵੇਂ ਹਲਾਤਾਂ ਤੇ ਵਿਚਾਰ ਕਰਣਗੇ ਅਤੇ ਅਨੁਪਾਤੀ ਹੋਣਗੇ।

ਤੁਸੀਂ *ਰੈਗੁਲੇਸ਼ਨ ਆਫ ਕੇਅਰ (ਸਕਾਟਲੈਂਡ) ਐਕਟ 2001* ਤੋਂ ਇਨ੍ਹਾਂ ਨਿਯਾਮਕਾਂ ਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਸਟੇਸ਼ਨਰੀ ਆਫਿਸ ਬੁਕਸ਼ੋਪ ਤੋਂ ਇਸਦੀ ਇੱਕ ਨਕਲ £7.95 ਲਾਗਤ ਤੇ ਉਪਲਬਧ ਹੈ। ਤੁਸੀਂ ਐਕਟ ਨੂੰ ਆਨਲਾਇਨ ਵੀ ਦੇਖ ਸਕਦੇ ਹੋ (ਪਤੇ ਲਈ ਅੰਤਕਾ ਬੀ ਨੂੰ ਦੇਖੋ)।

ਤੁਸੀਂ ਰੈਗੁਲੇਸ਼ਨ ਆਫ ਕੇਅਰ ਰੈਗੁਲੇਸ਼ੰਸ 2002 ਲਈ ਸਕੋਟਿਸ਼ ਕਨੂੰਨੀ ਹਿਦਾਇਤਾਂ ਨੂੰ ਆਨਲਾਇਨ ਵੀ ਦੇਖ ਸਕਦੇ ਹੋ (ਪਤੇ ਲਈ ਅੰਤਕਾ ਬੀ ਨੂੰ ਦੇਖੋ)।

## ਟਿੱਪਣੀਆਂ

ਜੇ ਤੁਸੀਂ ਇਨ੍ਹਾਂ ਮਾਨਕਾਂ ਤੇ ਟਿੱਪਣੀ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸਾਡੀ ਵੈਬਸਾਇਟ ਤੇ ਜਾ ਸਕਦੇ ਹੋ ਅਤੇ ਸਾਡੇ ਮੇਲਬਾਕਸ ਦੇ ਜਰੀਏ ਸੰਦੇਸ਼ ਭੇਜ ਸਕਦੇ ਹੋ:

www.scotland.gov.uk/health/standardsandsponsorship

ਤੁਸੀਂ ਹੇਠਾਂ ਦਿੱਤੇ ਪਤੇ ਤੇ ਵੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ:

Care Standards and Sponsorship Branch
Community Care Division
Primary and Community Care Directorate
St Andrew’s House
Regent Road
Edinburgh
EH1 3DG
Tel: 0131 244 5387
Fax: 0131 244 4005

# 1-6

ਸੇਵਾ ਦੀ ਵਰਤੋਂ ਕਰਨ ਤੋਂ ਪਹਿਲਾਂ

1 ਸੂਚਿਤ ਕਰਨਾ ਅਤੇ ਫੈਸਲਾ ਕਰਨਾ
2 ਪ੍ਰਬੰਧਨ ਅਤੇ ਸਟਾਫ ਦੇ ਆਯੋਜਨ
3 ਤੁਹਾਡੇ ਕਨੂੰਨੀ ਅਧਿਕਾਰ
4 ਸਹਾਇਕ ਵਿਵਿਸਥਾਵਾਂ
5 ਤੁਹਾਡਾ ਮਾਹੌਲ
6 ਪਹਿਲੀਆਂ ਬੈਠਕਾਂ

ਰਾਸ਼ਟਰੀ **ਦੇਖਭਾਲ** ਮਾਨਕ

ਸਹਾਇਕ ਸੇਵਾਵਾਂ

## ਸਮਰਥਨ ਸੇਵਾ ਦਾ ਉਪਯੋਗ ਕਰਨ ਤੋਂ ਪਹਿਲਾਂ

### ਮਾਨਕ 1 ਤੋਂ 6 ਤਕ ਭੂਮਿਕਾ

ਰਾਸ਼ਟਰੀ ਦੇਖਭਾਲ ਮਾਨਕਾਂ ਦੇ ਪਿੱਛੇ ਸੂਚਿਤ ਫੈਸਲੇ ਕਰਨ ਦਾ ਅਧਿਕਾਰ ਮੁੱਖ ਸਿਧਾਂਤ ਰਿਹਾ ਹੈ। ਤੁਹਾਡੇ ਦੁਆਰਾ ਚੁਣੀਆਂ ਗਈਆਂ ਸਹਾਇਕ ਸੇਵਾਵਾਂ ਦੁਆਰਾ ਵਿਅਕਤੀਗਤ ਵਿਕਾਸ ਲਈ ਵਾਸਤਵਿਕ ਅਵਸਰ ਉਪਲਬਧ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਨਾਲ ਤੁਸੀਂ ਆਪਣੀ ਆਜ਼ਾਦੀ ਨੂੰ ਬਣਾਏ ਰੱਖ ਪਾਓ।

ਇਸ ਖੰਡ ਵਿੱਚ ਮਾਨਕਾਂ ਨੂੰ ਸਹਾਇਕ ਸੇਵਾ ਦੇ ਉਨ੍ਹਾਂ ਪੈਹਲੂਆਂ ਦੇ ਆਲੇ-ਦੁਆਲੇ ਮਸੂਹਬੱਧ ਕੀਤਾ ਗਿਆ ਹੈ, ਜਿਨ੍ਹਾਂ ਨੂੰ ਸ਼ੁਰੂਆਤ ਤੋਂ ਪ੍ਰਦਾਨ ਕੀਤਾ ਜਾਂਦਾ ਹੈ, ਜਿਨ੍ਹਾਂ ਨਾਲ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਸਹਾਇਤਾ ਮਿਲਦੀ ਹੈ ਕਿ ਸੇਵਾ ਦਾ ਉਪਯੋਗ ਕਰਨ ਨਾਲ ਤੁਹਾਡੇ ਜੀਵਨ ਦੀ ਗੁਣਵੱਤਾ ਕੀ ਹੋਵੇਗੀ।

### ਸੂਚਿਤ ਕਰਨਾ ਅਤੇ ਫੈਸਲਾ ਕਰਨਾ

ਤੁਹਾਡੇ ਕੋਲ ਫੈਸਲੇ ਤੇ ਪਹੁੰਚਣ ਵਿੱਚ ਆਪਣੀ ਮਦਦ ਕਰਨ ਲਈ ਪੂਰੀ ਜਾਣਕਾਰੀ ਹੋਣਾ ਲਾਜ਼ਮੀ ਹੈ। ਤੁਸੀਂ ਇਸ ਦੇ ਆਧੁਨਿਕ ਅਤੇ ਭਰੋਸੇਮੰਦ, ਉਸ ਫੋਰਮੈਟ ਅਤੇ ਭਾਸ਼ਾ ਵਿੱਚ ਹੋਣ ਦੀ ਉਮੀਦ ਕਰ ਸਕਦੇ ਹੋ ਜਿਸ ਨੂੰ ਤੁਸੀਂ ਅਸਾਨੀ ਨਾਲ ਸਮਝ ਅਤੇ ਗ੍ਰੈਹਣ ਕਰ ਸਕਦੇ ਹੋ। ਸੇਵਾਵਾਂ ਦੇ ਬਾਰੇ ਜਾਣਕਾਰੀ ਦੇ ਪਿਛੋਕੜ ਵਿੱਚ ਪ੍ਰਬੰਧਨ ਅਤੇ ਕਰਮਚਾਰੀਆਂ ਦੇ ਬਿਓਰੇ ਹੋਣੇ ਚਾਹੀਦੇ ਹਨ ਤਾਂ ਕਿ ਤੁਹਾਨੂੰ ਇਹ ਵਿਸ਼ਵਾਸ ਪ੍ਰਾਪਤ ਹੋ ਸਕੇ ਕਿ ਸੇਵਾ ਦੁਆਰਾ ਤੁਹਾਡੀਆਂ ਆਵਾਸ ਸਹਾਇਕ ਲੋੜਾਂ ਨੂੰ ਪੂਰਾ ਕੀਤਾ ਜਾਵੇਗਾ।

### ਪ੍ਰਬੰਧਨ ਅਤੇ ਕਰਮਚਾਰੀ ਵਿਵਸਥਾਵਾਂ-ਤੁਹਾਡੇ ਕਨੂੰਨੀ ਅਧਿਕਾਰ

ਤੁਹਾਨੂੰ ਇਸ ਗੱਲ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਸੇਵਾ ਦਾ ਉੱਚਿਤ ਤੌਰ ਤੇ ਪ੍ਰਬੰਧਨ ਕੀਤਾ ਜਾਂਦਾ ਹੈ ਅਤੇ ਸਬੰਧਤ ਵਿਧਾਨ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਨੁਰੂਪ ਬੇਹਤਰ ਗੁਣਵੱਤਾ ਸਹਾਇਤਾ ਅਤੇ ਦੇਖਭਾਲ ਪ੍ਰਦਾਨ ਕਰਨ ਲਈ ਸਾਰੇ ਕਰਮਚਾਰੀਆਂ (ਸਵੈਸੇਵਕਾਂ ਸਮੇਤ) ਨੂੰ ਸਹਾਇਤਾ ਅਤੇ ਸਿਖਲਾਈ ਪ੍ਰਦਾਨ ਕਰਵਾਈ ਜਾਂਦੀ ਹੈ।

### ਸਮਰਥਨ ਪ੍ਰਬੰਧਨ

ਤੁਸੀਂ ਇਹ ਜਾਣਨ ਦੇ ਇੱਛੁਕ ਹੋ ਸਕਦੇ ਹੋ ਕਿ ਸਹਾਇਕ ਸੇਵਾ ਤੁਹਾਡੀ ਕੋਈ ਖਾਸ ਲੋੜਾਂ ਨੂੰ ਪੂਰਾ ਕਰ ਸਕਦੀ ਹੈ ਅਤੇ ਨਾਲ ਹੀ ਤੁਹਾਨੂੰ ਆਪਣੀਆਂ ਦਿਲਚਸਪੀਆਂ ਨੂੰ ਬਣਾਏ ਰੱਖਣ ਅਤੇ ਉਨ੍ਹਾਂ ਦਾ ਵਿਕਾਸ ਕਰਨ ਦਾ ਅਵਸਰ ਉਪਲਬਧ ਹੋ ਸਕਦਾ ਹੈ। ਵਿਅਕਤੀਗਤ ਯੋਜਨਾਵਾਂ ਵਿੱਚ ਇਸ ਤੇ ਧਿਆਨ ਦਿੱਤਾ ਜਾਂਦਾ ਹੈ, ਅਤੇ ਇਸ ਗੱਲ ਦਾ ਵਰਣਨ ਕਰਦੇ ਹਨ ਕਿ ਕਿਸ ਤਰ੍ਹਾਂ ਤੁਸੀਂ ਲੋੜੀਂਦੀ ਵਿਅਕਤੀਗਤ ਸਹਾਇਤਾ ਅਤੇ ਦੇਖਭਾਲ ਪ੍ਰਾਪਤ ਕਰੋਗੇ। ਤੁਸੀਂ ਇਹ ਉਮੀਦ ਕਰ ਸਕਦੇ ਹੋ ਕਿ ਪ੍ਰਦਾਤਾ ਦੁਆਰਾ ਸਹਾਇਕ ਸੇਵਾ ਵਿੱਚ ਤੁਹਾਨੂੰ ਸਥਾਨ ਦੇਣ ਤੋਂ ਪਹਿਲਾਂ ਪ੍ਰਦਾਤਾ ਦੁਆਰਾ ਤੁਹਾਡੀਆਂ ਲੋੜਾਂ ਤੇ ਚਰਚਾ ਕੀਤੀ ਜਾਵੇਗੀ।

## ਤੁਹਾਡਾ ਮਾਹੌਲ

ਕੁਝ ਸਹਾਇਕ ਸੇਵਾਵਾਂ ਕੇਂਦਰਾਂ ਵਿੱਚ ਅਧਾਰਤ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਕਈ ਪਰਿਸਰਾਂ ਵਿੱਚ ਪ੍ਰਦਾਨ ਕਰਾਇਆ ਜਾ ਸਕਦਾ ਹੈ। ਇਹ ਪ੍ਰਦਾਤਾ ਦੁਆਰਾ ਧਾਰਤ ਜਾਂ ਉਸ ਦੀ ਪੱਟਾਧਾਰਿਤ ਹੋ ਸਕਦੀ ਹੈ ਜਾਂ ਲੋਕਾਂ ਦੁਆਰਾ ਸਹਾਇਕ ਸੇਵਾਵਾਂ ਦਾ ਉਪਯੋਗ ਕਰਨ ਲਈ ਇਨ੍ਹਾਂ ਨੂੰ ਕਿਰਾਏ ਤੇ ਲਿੱਤਾ ਜਾ ਸਕਦਾ ਹੈ ਉਦਾਹਰਨ ਲਈ ਚਰਚ ਹਾਲ ਆਦਿ। ਕੁਝ ਪਰਿਸਰਾਂ ਨੂੰ ਪ੍ਰਦਾਤਾ ਦੁਆਰਾ ਹੋਰ ਏਜੰਸੀਆਂ ਦੇ ਨਾਲ ਸਾਂਝਦਾਰੀ ਵਿੱਚ ਧਾਰਤ ਕੀਤਾ ਜਾਂਦਾ ਹੈ ਜਾਂ ਉਸ ਦੀ ਪੱਟਾਧਾਰਿਤ ਨੂੰ ਧਾਰਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦਾ ਉਪਯੋਗ ਸਹਾਇਕ ਸੇਵਾਵਾਂ ਦਾ ਉਪਯੋਗ ਕਰਨ ਵਾਲੇ ਲੋਕਾਂ ਅਤੇ ਆਮ ਜਨਤਾ ਦੁਆਰਾ ਕੀਤਾ ਜਾਂਦਾ ਹੈ। ਤੁਸੀਂ ਇਹ ਉਮੀਦ ਕਰ ਸਕਦੇ ਹੋ ਕਿ ਸਹਾਇਕ ਸੇਵਾ ਦੁਆਰਾ ਉਪਯੋਗ ਵਿੱਚ ਲਿਆਇਆ ਗਿਆ ਕੋਈ ਵੀ ਪਰਿਸਰ ਉੱਚਿਤ ਮਾਨਕਾਂ ਦੀ ਕਸੌਟੀ ਤੇ ਖਰਾ ਉਤਰੇਗਾ ਅਤੇ ਤੁਹਾਨੂੰ ਅਤੇ ਤੁਹਾਡੇ ਲਈ ਜ਼ਰੂਰੀ ਉਪਕਰਨ ਨੂੰ ਉੱਥੇ ਵਿਵਸਥਿਤ ਕੀਤਾ ਜਾ ਸਕਦਾ ਹੈ।

## ਪਹਿਲੀਆਂ ਬੈਠਕਾਂ

ਸੇਵਾ ਦੇ ਸਬਧ ਵਿੱਚ ਸਕਾਰਾਤਮਕ ਫੈਸਲੇ ਲੈਣ ਲਈ ਸਹਾਇਕ ਸੇਵਾ ਦੇ ਕਰਮਚਾਰੀਆਂ ਨਾਲ ਮੁਲਾਕਾਤ ਕਰਨ ਵਿੱਚ ਸਮਰੱਥ ਹੋਣਾ ਅਤੇ ਸੇਵਾ ਨੂੰ ਦੇਖਣ ਵਿੱਚ ਸਮਰੱਥ ਹੋਣਾ ਅਤੇ ਇਸ ਦਾ ਉਪਯੋਗ ਕਰਨ ਵਾਲੇ ਹੋਰ ਲੋਕਾਂ ਨਾਲ ਗੱਲਬਾਤ ਕਰਨਾ ਲਾਜ਼ਮੀ ਹੋਵੇਗਾ। ਤੁਸੀਂ ਕਦੇ-ਕਦੇ ਇਹ ਇੱਛਾ ਕਰ ਸਕਦੇ ਹੋ ਕਿ ਤੁਹਾਡੇ ਰਿਸ਼ਤੇਦਾਰ, ਦੇਖਭਾਲਕਰਤਾ, ਦੋਸਤ ਜਾਂ ਨੁਮਾਇੰਦੇ ਤੁਹਾਡੀ ਫੈਸਲਾ ਕਰਨ ਵਿੱਚ ਸਹਾਇਤਾ ਕਰਨ ਲਈ ਸ਼ਾਮਲ ਹੋਣ। ਤੁਸੀਂ ਇਹ ਉਮੀਦ ਕਰ ਸਕਦੇ ਹੋ ਕਿ ਫੈਸਲਾ ਕਰਨ ਲਈ ਕਾਫੀ ਸਮੇਂ ਲਈ ਪ੍ਰਦਾਤਾ ਤੁਹਾਡੀਆਂ ਲੋੜਾਂ ਦਾ ਸਤਿਕਾਰ ਕਰੇਗਾ।

# ਸੂਚਿਤ ਕਰਨਾ ਅਤੇ ਫੈਸਲਾ ਕਰਨਾ

## ਮਾਨਕ 1

**ਤੁਹਾਡੇ ਕੋਲ ਸੇਵਾ ਦੀ ਵਰਤੋਂ ਕਰਨ ਬਾਰੇ ਫੈਸਲਾ ਕਰਨ ਵਿੱਚ ਆਪਣੀ ਮਦਦ ਕਰਨ ਲਈ ਉਹ ਸਾਰੀ ਜਾਣਕਾਰੀ ਹੈ ਜਿਸ ਦੀ ਤੁਹਾਨੂੰ ਲੋੜ ਹੁੰਦੀ ਹੈ।**

1 ਤੁਹਾਡੇ ਕੋਲ ਅਸਾਨ ਅੰਗਰੇਜੀ ਵਿੱਚ ਜਾਂ ਉਸ ਭਾਸ਼ਾ ਜਾਂ ਫੋਰਮੈਟ ਵਿੱਚ ਜਿਸ ਨੂੰ ਤੁਸੀਂ ਅਸਾਨੀ ਨਾਲ ਸਮਝਦੇ ਹੋ, ਸਹਾਇਕ ਸੇਵਾ ਦੇ ਬਾਰੇ ਵਿਸਤ੍ਰਿਤ ਜਾਣਕਾਰੀ ਹੋਵੇਗੀ। ਜਾਣਕਾਰੀ ਵਿੱਚ ਹੇਠਾਂ ਦਿੱਤੇ ਚਿੰਨ੍ਹ ਸ਼ਾਮਲ ਹਨ:

- ਸਹਾਇਕ ਸੇਵਾ ਦੇ ਉਦੇਸ਼;
- ਇਹ ਕਿਸ ਦੇ ਲਈ ਹੈ;
- ਇਸ ਦੁਆਰਾ ਕਿਸ ਤਰ੍ਹਾਂ ਦੀ ਸਹਾਇਕ ਸੇਵਾ ਉਪਲਬਧ ਕਰਵਾਈ ਜਾਵੇਗੀ;
- ਸੱਭਿਆਚਾਰਕ ਲੋੜਾਂ, ਜੋ ਇਸ ਦੁਆਰਾ ਉਪਲਬਧ ਕਰਾਈਆਂ ਜਾਂਦੀਆਂ ਹਨ;
- ਸਹਾਇਕ ਸੇਵਾ ਦੀ ਮੂਲਭੂਤ ਲਾਗਤ ਅਤੇ ਤੁਹਾਡੇ ਲਈ ਸੰਭਾਵੀ ਸ਼ੁਲਕ;
- ਸਹਾਇਕ ਸੇਵਾ ਦਾ ਉਪਯੋਗ ਕਰਨ ਵਾਲੇ ਕਿਸੇ ਵਿਅਕਤੀ ਦੇ ਰੂਪ ਵਿੱਚ ਤੁਹਾਡੇ ਅਧਿਕਾਰ ਅਤੇ ਜੁੰਮੇਵਾਰੀ;
- ਤੁਹਾਡੇ ਅਤੇ ਤੁਹਾਡੇ ਸਮਾਨ ਲਈ ਬੀਮਾ ਕਵਰ;
- ਜੋਖਮ ਦਾ ਪ੍ਰਬੰਧਨ ਕਰਨ ਅਤੇ ਦੁਰਘਟਨਾਵਾਂ ਆਦਿ ਨੂੰ ਰਿਕਾਰਡ ਕਰਨ ਅਤੇ ਰਿਪੋਰਟ ਕਰਨ ਲਈ ਨੀਤੀਆਂ ਅਤੇ ਪਰਕਿਰਿਆਵਾਂ;
- ਸਹਾਇਕ ਸੇਵਾ ਦਾ ਉਪਯੋਗ ਕਰਨ ਦੇ ਦੌਰਾਨ ਗੈਰ-ਅਧਿਕਾਰਤ ਅਲਕੋਹਲ ਜਾਂ ਗੈਰ-ਅਧਿਕਾਰਤ ਅਤੇ ਗੈਰ-ਕਨੂੰਨੀ ਦਵਾਈਆਂ ਦਾ ਸੇਵਨ ਕਰਨ ਦੇ ਸਬੰਧ ਵਿੱਚ ਨੀਤੀਆਂ ਅਤੇ ਪਰਕਿਰਿਆਵਾਂ;
- ਜੇ ਸਹਾਇਕ ਸੇਵਾ ਨੂੰ ਬੰਦ ਕਰ ਦਿੱਤਾ ਜਾਂਦਾ ਹੈ ਜਾਂ ਮਲਕੀਅਤ ਵਿੱਚ ਤਬਦੀਲੀ ਹੁੰਦੀ ਹੈ, ਤਾਂ ਉਹ ਵਿਵਸਥਾਵਾਂ ਜਿਨ੍ਹਾਂ ਨੂੰ ਕੀਤੇ ਜਾਣ ਦੀ ਲੋੜ ਹੈ;
- ਸ਼ਿਕਾਇਤ ਪਰਕਿਰਿਆ ਅਤੇ ਇਸ ਦਾ ਉਪਯੋਗ ਕਿਸ ਤਰ੍ਹਾਂ ਕਰੀਏ;
- ਵਿਅਕਤੀਗਤ ਸਮਾਨ ਨਾਲ ਸਬੰਧਤ ਕੋਈ ਨੀਤੀ;
- ਸਿਗਰਟ ਅਤੇ ਅਲਕੋਹਲ ਤੇ ਕੋਈ ਪ੍ਰਤੀਬੰਦ;
- ਸਥਾਨਕ ਸੁਆਸਥ ਅਤੇ ਸਮਾਜਕ ਕਾਰਜ ਸੇਵਾਵਾਂ ਦੇ ਨਾਲ ਵਿਵਸਥਾਵਾਂ; ਅਤੇ
- ਸਭ ਤੋਂ ਜ਼ਿਆਦਾ ਆਧੁਨਿਕ ਦੇਖਭਾਲ ਆਯੋਗ ਨਿਰੀਖਣ ਰਿਪੋਰਟ।

2 ਤੁਹਾਡਾ ਪਰਿਵਾਰ, ਦੇਖਭਾਲਕਰਤਾ ਜਾਂ ਨੁਮਾਇੰਦੇ ਦੀ ਜਾਣਕਾਰੀ, ਸਲਾਹ ਅਤੇ ਸਹਾਇਤਾ ਸਬੰਧੀ ਲੋੜ ਨੂੰ ਸਤਿਕਾਰ ਦਿੱਤਾ ਜਾਵੇਗਾ ਅਤੇ ਇਸਦਾ ਜਵਾਬ ਦਿੱਤਾ ਜਾਵੇਗਾ।

## ਪ੍ਰਬੰਧਨ ਅਤੇ ਸਟਾਫ ਦੇ ਆਯੋਜਨ

### ਮਾਨਕ 2

**ਤੁਸੀਂ ਚੰਗੀ ਗੁਣਵੱਤਾ ਦੇ ਘਰੇਲੂ ਸਮਰਥਨ ਅਤੇ ਦੇਖਭਾਲ ਨੂੰ ਅਨੁਭਵ ਕਰਦੇ ਹੋ। ਇਸ ਨੂੰ ਪ੍ਰਬੰਧਨ ਅਤੇ ਸਟਾਫ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਪੇਸ਼ੇਵਰ ਸਿਖਲਾਈ ਅਤੇ ਮੁਹਾਰਤ ਉਨ੍ਹਾਂ ਨੂੰ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਦੀ ਆਗਿਆ ਦਿੰਦੀ ਹੈ। ਸੇਵਾ ਦਾ ਸਾਰੀਆਂ ਲਾਗੂ ਕਨੂੰਨੀ ਲੋੜਾਂ ਅਤੇ ਸਭ ਤੋਂ ਵਧੀਆ ਕਾਰਜ-ਪ੍ਰਣਾਲੀ ਦੇ ਦਿਸ਼ਾ-ਨਿਰਦੇਸ਼ਾਂ ਦੇ ਸਮਾਨ ਸੰਚਾਲਨ ਹੁੰਦਾ ਹੈ।**

1 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਸਹਾਇਕ ਸੇਵਾ ਕੋਲ ਅਜਿਹੀਆਂ ਨਿਤੀਆਂ ਅਤੇ ਪਰਕਿਰਿਆਵਾਂ ਹਨ ਜੋ ਇਸ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਸੇਵਾ ਦੇ ਪ੍ਰਕਾਰ ਤੇ ਲਾਗੂ ਹੁੰਦੀ ਹੈ। ਇਨ੍ਹਾਂ ਵਿੱਚ ਹੇਠਾਂ ਦਿੱਤੇ ਚਿੰਨ੍ਹ ਸ਼ਾਮਲ ਹਨ:

- ਸਟਾਫ ਰੱਖਣਾ ਅਤੇ ਸਿਖਲਾਈ ਦੇਣਾ;
- ਦਵਾਈ ਦੇਣਾ;
- ਸੁਆਸਥ ਅਤੇ ਸੁਰੱਖਿਆ;
- 'ਅਚਾਨਕ ਕਿਸੇ ਕੰਮ ਤੇ ਰੋਕ ਲਗਾਉਣਾ';
- ਵਾਤਾਵਰਨ ਸਬੰਧੀ ਸੁਆਸਥ;
- ਅੱਗ ਸਬੰਧੀ ਸੁਰੱਖਿਆ;
- ਜੋਖਮ ਦਾ ਪ੍ਰਬੰਧਨ ਕਰਨਾ; ਅਤੇ
- ਘਟਨਾਵਾਂ ਅਤੇ ਸ਼ਿਕਾਇਤਾਂ ਨੂੰ ਰਿਕਾਰਡ ਕਰਨ ਸਮੇਤ, ਪੂਰਾ ਰਿਕਾਰਡ ਰੱਖਣਾ।

2 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਸਟਾਫ ਇਹ ਜਾਣਦਾ ਹੈ ਕਿ ਕਿਵੇਂ ਇਨ੍ਹਾਂ ਨਿਤੀਆਂ ਅਤੇ ਪਰਕਿਰਿਆਵਾਂ ਨੂੰ ਵਰਤੋਂ ਵਿੱਚ ਲਿਆਉਣਾ ਹੈ। ਉਨ੍ਹਾਂ ਨੂੰ ਇਸ ਦੀ ਸਮੀਖਿਆ ਕਰਨ ਲਈ ਅਤੇ ਨਵੇਂ ਸੰਚਾਲਨ ਬਾਰੇ ਸਿੱਖਣ ਲਈ ਨੇਮਤ ਸਿਖਲਾਈ ਦਿੱਤੀ ਜਾਂਦੀ ਹੈ।

3 ਤੁਹਾਨੂੰ ਇਹ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਤੁਹਾਨੂੰ ਘਰੇਲੂ ਸਮਰਥਨ ਅਤੇ ਦੇਖਭਾਲ ਪ੍ਰਦਾਨ ਕਰਨ ਵਾਲੇ ਸਟਾਫ ਵਿੱਚ ਉਨ੍ਹਾਂ ਲੋਕਾਂ ਨਾਲ ਕੰਮ ਕਰਨ ਦੇ ਅਨੁਭਵ ਤੋਂ ਪ੍ਰਾਪਤ ਗਿਆਨ ਅਤੇ ਕੌਸ਼ਲ ਹਨ ਜਿਨ੍ਹਾਂ ਦੀਆਂ ਲੋੜਾਂ ਤੁਹਾਡੀਆਂ ਲੋੜਾਂ ਦੇ ਸਮਾਨ ਹਨ। ਜੇ ਉਹ ਨਵੇਂ ਕਰਮਚਾਰੀ ਹੁੰਦੇ ਹਨ, ਤਾਂ ਉਨ੍ਹਾਂ ਦੀ ਯੋਜਨਾਬੱਧ ਸਿਖਲਾਈ ਪ੍ਰੋਗਰਾਮ ਦੇ ਹਿੱਸੇ ਵਜੋਂ ਇਸ ਅਨੁਭਵ ਨੂੰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਜਾ ਰਹੀ ਹੁੰਦੀ ਹੈ।

4 ਤੁਹਾਨੂੰ ਇਹ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਸਾਰਾ ਸਟਾਫ ਉਨ੍ਹਾਂ ਤਰੀਕਿਆਂ ਦੀ ਵਰਤੋਂ ਕਰਦਾ ਹੈ ਜੋ ਨਵੀਨਤਮ ਗਿਆਨ ਅਤੇ ਸਭ ਤੋਂ ਵਧੀਆ ਕਾਰਜ-ਪ੍ਰਣਾਲੀ ਦੇ ਸੰਚਾਲਨ ਨੂੰ ਦਰਸ਼ਾਉਂਦੇ ਹਨ, ਅਤੇ ਇਹ ਕਿ ਪ੍ਰਬੰਧਨ ਨਿਰੰਤਰ ਤੌਰ ਤੇ ਕਾਰਜ-ਪ੍ਰਣਾਲੀ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

5 ਤੁਸੀਂ ਜਾਣਦੇ ਹੋ ਕਿ ਪ੍ਰਦਾਤਾ ਦੇ ਸਟਾਫ ਅਤੇ ਪ੍ਰਬੰਧਕਾਂ ਅਤੇ ਸਵੈਸੇਵਕ ਸਾਰਿਆਂ ਦੀ ਇੱਕ ਪਰਕਿਰਿਆ ਦੇ ਜਰੀਏ ਭਰਤੀ ਅਤੇ ਚੋਣ ਕੀਤੀ ਜਾਂਦੀ ਹੈ ਜਿਸ ਵਿੱਚ ਇਹ ਸ਼ਾਮਲ ਹਨ:

- ਹਵਾਲਿਆਂ ਨੂੰ ਲੈਣਾ;
- ਅਪਰਾਧਿਕ ਰਿਕਾਰਡਾਂ ਦੀ ਜਾਂਚ ਕਰਨਾ ਜਿੱਥੇ ਲੋੜ ਹੁੰਦੀ ਹੈ; ਅਤੇ
- ਸਕੋਟਿਸ਼ ਸਮਾਜਕ ਸੇਵਾਵਾਂ ਦੇ ਕੌਂਸਲ, ਨਰਸਾਂ, ਦਾਈਆਂ ਅਤੇ ਸਿਹਤ ਸਬੰਧੀ ਦੌਰਾ ਕਰਨ ਵਾਲਿਆਂ (UKCC) ਲਈ ਯੁਨਾਇਟਿਡ ਕਿੰਗਡਮ ਸੈਂਟ੍ਰਲ ਕੌਂਸਲ, ਜਾਂ ਹੋਰ ਪੇਸ਼ੇਵਰ ਸੰਗਠਨਾਂ ਦੇ ਰਜਿਸਟਰਾਂ ਵਿੱਚ ਕ੍ਰੌਸ-ਹਵਾਲਾ ਕਰਨਾ, ਜਿੱਥੇ ਲਾਗੂ ਹੋਵੇ।

6 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਕੋਈ ਵੀ ਸਵੈਸੇਵਕ ਜੋ ਸਹਾਇਕ ਸੇਵਾ ਵਿੱਚ ਕੰਮ ਕਰਦਾ ਹੈ ਉਹ ਇਸ ਦੀਆਂ ਨੀਤੀਆਂ ਅਤੇ ਪਰਕਿਰਿਆਵਾਂ ਤੋਂ ਜਾਣੂ ਹੈ। ਉਨ੍ਹਾਂ ਨੂੰ ਇਨ੍ਹਾਂ ਨੂੰ ਵਿਹਾਰਕ ਤੌਰ ਤੇ ਲਾਗੂ ਕਰਨ ਲਈ ਸੰਪੂਰਨ ਸਬੰਧਤ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ।

7 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਅਜਿਹੇ ਕਰਮਚਾਰੀ ਜਿਨ੍ਹਾਂ ਨੂੰ ਜਰੂਰੀ ਕੌਸ਼ਲ ਪ੍ਰਾਪਤ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ, ਉਹ ਤੁਹਾਡੀ ਸਹਾਇਕ ਦੇਖਭਾਲ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਸੰਖਿਆ ਵਿੱਚ ਉਪਲਬਧ ਹੋਣਗੇ। ਇਨ੍ਹਾਂ ਪੱਧਰਾਂ ਦੇ ਸਬੰਧ ਵਿੱਚ ਦੇਖਭਾਲ ਆਯੋਗ ਅਤੇ ਪ੍ਰਦਾਤਾ ਦੇ ਵਿੱਚ ਸਮਝੌਤਾ ਕੀਤਾ ਜਾਂਦਾ ਹੈ।

8 ਤੁਸੀਂ ਜਾਣਦੇ ਹੋ ਕਿ ਸੇਵਾ ਵਿੱਚ ਇਸ ਦੇ ਸਾਰੇ ਸਟਾਫ ਲਈ ਇੱਕ ਸਟਾਫ ਵਿਕਾਸ ਰਣਨੀਤੀ ਅਤੇ ਇੱਕ ਪ੍ਰਭਾਵਸ਼ਾਲੀ ਸਾਲਾਨਾ ਤੌਰ ਤੇ ਸਿਖਲਾਈ ਯੋਜਨਾ ਸ਼ਾਮਲ ਹੈ।

9 ਤੁਸੀਂ ਇਸ ਵਿਸ਼ੇ ਵਿੱਚ ਯਕੀਨੀ ਹੋ ਸਕਦੇ ਹੋ ਕਿ ਮੈਨੇਜਰ ਦੁਆਰਾ ਅਜਿਹੇ ਜੋਖਮਾਂ ਦਾ ਪ੍ਰਬੰਧਨ ਕਰਨ ਲਈ ਸਕ੍ਰਿਅ ਕਾਰਜ-ਪ੍ਰਣਾਲੀ ਨੂੰ ਅਪਣਾਇਆ ਜਾਂਦਾ ਹੈ ਜੋ ਕਾਰਜ ਦੀ ਸੁਰੱਖਿਅਤ ਪ੍ਰਣਾਲੀਆਂ, ਸੁਰੱਖਿਅਤ ਅਭਿਆਸਾਂ, ਸੁਰੱਖਿਅਤ ਪਰਿਸਰਾਂ ਅਤੇ ਖਤਰੇ ਅਤੇ ਦੇਣਦਾਰੀ ਦੀ ਜਾਗਰੁਕਤਾ ਦੇ ਸਬੰਧ ਵਿੱਚ ਪੈਦਾ ਹੁੰਦੇ ਹਨ, ਅਤੇ ਤੁਹਾਡੀ ਵਿਅਕਤੀਗਤ ਯੋਜਨਾ ਦੇ ਸੰਦਰਭ ਵਿੱਚ ਇਨ੍ਹਾਂ ਤੇ ਤੁਹਾਡੇ ਨਾਲ ਚਰਚਾ ਕੀਤੀ ਜਾਵੇਗੀ।

10 ਤੁਸੀਂ ਜਾਣਦੇ ਹੋ ਕਿ ਸਹਾਇਕ ਸੇਵਾ ਦੇ ਕੋਲ ਇੱਕ ਲਿੱਖਤ ਨੀਤੀ ਅਤੇ ਪਰਕਿਰਿਆਵਾਂ ਹਨ ਜੋ ਉਨ੍ਹਾਂ ਸ਼ਰਤਾਂ ਤੇ ਅਧਾਰਤ ਹਨ ਜਿਨ੍ਹਾਂ ਵਿੱਚ ਪ੍ਰਤੀਬੰਧ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਪ੍ਰਤੀਬੰਧ[1] ਦੇ ਉਪਯੋਗ ਦੇ ਸਬੰਧ ਵਿੱਚ ਕਰਮਚਾਰੀਆਂ ਨੂੰ ਪੂਰੀ ਤਰ੍ਹਾਂ ਸਿੱਖਿਅਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਜੇ ਤੁਹਾਨੂੰ ਕੁਝ ਖਾਸ ਅਵਸਰਾਂ ਤੇ ਪ੍ਰਤੀਬੰਧਤ ਕਰਨਾ ਜਰੂਰੀ ਹੈ ਤਾਂ ਇਸ ਨੂੰ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਦਰਜ ਕੀਤਾ ਜਾਵੇਗਾ ਅਤੇ ਤੁਹਾਡੇ ਤੇ ਲਗਾਏ ਗਏ ਪ੍ਰਤੀਬੰਧ ਨਾਲ ਸਬੰਧਤ ਕਿਸੇ ਵੀ ਘਟਨਾ ਦਾ ਰਿਕਾਰਡ ਰੱਖਿਆ ਜਾਵੇਗਾ। ਪ੍ਰਤੀਬੰਧ ਦੀ ਕਿਸੇ ਘਟਨਾ ਤੋਂ ਬਾਅਦ ਤੁਸੀਂ ਸਹਾਇਤਾ ਦੀ ਉਮੀਦ ਕਰ ਸਕਦੇ ਹੋ।

---

[1] ਪ੍ਰਤੀਬੰਧ: ਕਿਸੇ ਵਿਅਕਤੀ ਨੂੰ ਹੇਠਾਂ ਦੇ ਉਪਯੋਗ ਦੁਆਰਾ ਆਪਣੇ-ਆਪ ਨੂੰ ਜਾਂ ਹੋਰ ਲੋਕਾਂ ਨੂੰ ਹਾਨੀ ਪਹੁੰਚਾਉਣ ਤੋਂ ਰੋਕਣ ਲਈ ਨਿਯੰਤ੍ਰਣ: ਸਰੀਰਕ ਸਾਧਨ (ਕਿਸੇ ਵਿਅਕਤੀ ਤੇ ਵਾਸਤਵਿਕ ਤੌਰ ਤੇ ਜਾਂ ਧਮਕਾਉਣ ਦੇ ਅੰਦਾਜ਼ ਦੇ ਰੂਪ ਵਿੱਚ ਹੱਥ ਰੱਖਣਾ ਤਾਂ ਕਿ ਉਸ ਨੂੰ ਕਿਸੇ ਖਾਸ ਗਤੀਵਿਧੀ ਕਰਨ ਤੋਂ ਰੋਕਿਆ ਜਾ ਸਕੇ); ਮਸ਼ੀਨੀ ਸਾਧਨ (ਉਦਾਹਰਨ ਲਈ ਕਿਸੇ ਵਿਅਕਤੀ ਨੂੰ ਸਲੀਪਿੰਗ ਬੈਗ ਵਿੱਚ ਲਪੇਟਣਾ ਜਾਂ ਉਸ ਨੂੰ ਕੁਰਸੀ ਨਾਲ ਬੰਨ ਦੇਣਾ); ਮਾਹੌਲ ਸਬੰਧੀ ਸਾਧਨ (ਉਦਾਹਰਨ ਲਈ ਦਰਵਾਜਿਆਂ ਨੂੰ ਇਲੈਕਟ੍ਰਿਕ ਤੌਰ ਤੇ ਬੰਦ ਕਰਨਾ ਜਾਂ ਵਿਡੀਓ ਨਿਗਰਾਨੀ ਰੱਖਣਾ); ਜਾਂ ਦਵਾਈ (ਬੇਚੈਨੀ ਭਰੇ ਜਾਂ ਉੱਤੇਜਤ ਵਿਵਹਾਰ ਦੇ ਲੱਛਣਾਤਮਕ ਉਪਚਾਰ ਲਈ ਸ਼ਾਮਕ ਜਾਂ ਸ਼ਾਂਤਕਾਰੀ ਦਵਾਈਆਂ ਦਾ ਉਪਯੋਗ ਕਰਨਾ)।

11 ਜੇ ਤੁਹਾਡੇ ਲਈ ਤੁਹਾਡੀਆਂ ਦਵਾਈਆਂ ਦੀ ਵਿਵਸਥਾ ਕੀਤੀ ਜਾ ਰਹੀ ਹੈ, ਤਾਂ ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਅਜਿਹਾ ਕਰਨ ਵਾਲੇ ਕਰਮਚਾਰੀਆਂ ਨੂੰ ਇਸ ਕਾਰਜ ਦੀ ਸਮਝ ਹੈ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਸਿਖਲਾਈ ਦਿੱਤੀ ਗਈ ਹੈ ਅਤੇ ਉਹ ਨਵੀਨਤਮ ਸਭ ਤੋਂ ਉੱਤਮ ਅਭਿਆਸ ਦਿਸ਼ਾ-ਨਿਰਦੇਸ਼ ਦਾ ਉਪਯੋਗ ਕਰ ਰਹੇ ਹਨ। ਦਵਾਈ ਦੇਣ ਲਈ ਕਰਮਚਾਰੀ ਪ੍ਰਦਾਤਾ ਦੀਆਂ ਪ੍ਰਣਾਲੀਆਂ ਦੇ ਬਾਰੇ ਪੂਰੀ ਤਰ੍ਹਾਂ ਜਾਣੂ ਹਨ। ਉਹ ਜਾਣਦੇ ਹਨ ਕਿ ਤੁਹਾਡੀਆਂ ਦਵਾਈਆਂ ਨੂੰ ਕਿਸ ਤਰ੍ਹਾਂ ਸਟੋਰ ਕਰਨਾ ਹੈ ਅਤੇ ਤੁਹਾਨੂੰ ਦੇਣੀਆਂ ਹਨ ਅਤੇ ਉਹ ਉਸ ਤਰੀਕੇ ਨਾਲ ਵੀ ਜਾਣੂ ਹਨ ਜੋ ਤੁਹਾਡੇ ਲਈ ਸਭ ਤੋਂ ਉੱਤਮ ਤੌਰ ਤੇ ਅਨੁਕੂਲ ਹੈ।

12 ਜੇ ਇਸ ਗੱਲ ਨੂੰ ਲੈ ਕੇ ਵੀ ਯਕੀਨੀ ਹੋ ਸਕਦੇ ਹੋ ਕਿ ਭਾਵੇਂ ਤੁਸੀਂ ਆਪ ਹੀ ਆਪਣੀਆਂ ਦਵਾਈਆਂ ਦੀ ਵਿਵਸਥਾ ਕਰ ਰਹੇ ਹੋ ਜਾਂ ਨਹੀਂ, ਇਸ ਗੱਲ ਦੀ ਜਾਂਚ ਕਰਨ ਲਈ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਗਈ ਹੈ। ਉਹ ਤੁਹਾਡੀ ਰਜ਼ਾਮੰਦੀ ਦੇ ਨਾਲ ਤੁਹਾਡੇ ਆਮ ਚਿਕਿਤਸਕ ਤੋਂ ਸਲਾਹ ਪ੍ਰਾਪਤ ਕਰਣਗੇ ਜੇ ਉਨ੍ਹਾਂ ਨੂੰ ਆਪਣੀ ਸਥਿਤੀ ਜਾਂ ਦਵਾਈ ਦੇ ਸਬੰਧ ਵਿੱਚ ਕੋਈ ਚਿੰਤਾਵਾਂ ਹਨ।

13 ਤੁਸੀਂ ਇਹ ਜਾਣਦੇ ਹੋ ਕਿ ਜਦੋਂ ਵੀ ਕਰਮਚਾਰੀ ਕਿਸੇ ਵਿੱਤੀ ਲੈਣ-ਦੇਣ ਵਿੱਚ ਸ਼ਾਮਲ ਹੋਣਗੇ, ਤਾਂ ਇਸ ਨੂੰ ਸਾਵਧਾਨੀ ਨਾਲ ਰਿਕਾਰਡ ਕੀਤਾ ਜਾਵੇਗਾ। ਅਜਿਹਾ ਇਸ ਤਰੀਕੇ ਨਾਲ ਕੀਤਾ ਜਾਵੇਗਾ ਜਿਸ ਦੀ ਦੇਖਭਾਲ ਆਯੋਗ ਦੁਆਰਾ ਜਾਂਚ ਕੀਤੀ ਜਾ ਸਕੇਗੀ।

## ਤੁਹਾਡੇ ਕਨੂੰਨੀ ਅਧਿਕਾਰ

### ਮਾਨਕ 3

**ਤੁਹਾਡੇ ਕੋਲ ਇੱਕ ਲਿੱਖਤ ਸਮਝੌਤਾ ਹੈ ਜਿਸ ਵਿੱਚ ਸਪਸ਼ਟ ਤੌਰ ਤੇ ਉਸ ਸਹਾਇਕ ਸੇਵਾ ਨੂੰ ਪਰਿਭਾਸ਼ਤ ਕੀਤਾ ਗਿਆ ਹੈ ਜਿਸ ਨੂੰ ਤੁਹਾਨੂੰ ਪ੍ਰਦਾਨ ਕੀਤਾ ਜਾਵੇਗਾ। ਇਸ ਵਿੱਚ ਸਹਾਇਕ ਸੇਵਾ ਨੂੰ ਪ੍ਰਾਪਤ ਕਰਨ ਦੇ ਨਿਯਮਾਂ ਅਤੇ ਸ਼ਰਤਾਂ ਅਤੇ ਅਨੁਬੰਧਨ ਵਿੱਚ ਤਬਦੀਲੀ ਕਰਨ ਜਾਂ ਉਸ ਨੂੰ ਸਮਾਪਤ ਕਰਨ ਲਈ ਵਿਵਸਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।**

1. ਤੁਹਾਡੇ ਕੋਲ ਇਸ ਲਿੱਖਤ ਸਮਝੌਤੇ ਦੀ ਇੱਕ ਨਕਲ ਉਸ ਭਾਸ਼ਾ ਅਤੇ ਫੋਰਮੈਟ ਵਿੱਚ ਹੋਵੇਗੀ ਜਿਸ ਨੂੰ ਤੁਸੀਂ ਸਮਝਦੇ ਹੋ।
2. ਤੁਸੀਂ ਸਹਾਇਕ ਸੇਵਾ ਨੀਤੀਆਂ ਅਤੇ ਪਰਕਿਰਿਆਵਾਂ ਦੀ ਸੰਪੂਰਨ ਸੂਚੀ ਲਈ ਬੇਨਤੀ ਕਰ ਸਕਦੇ ਹੋ ਅਤੇ ਇਹ ਤੁਹਾਨੂੰ ਪ੍ਰਦਾਨ ਕੀਤੀ ਜਾਵੇਗੀ।
3. ਤੁਸੀਂ ਇਸ ਗੱਲ ਦੀ ਪੁਸ਼ਟੀ ਦੀ ਬੇਨਤੀ ਕਰ ਸਕਦੇ ਹੋ ਕਿ ਸਹਾਇਕ ਸੇਵਾ ਦੁਆਰਾ ਸਾਰੇ ਸਬੰਧਤ ਵਿਧਾਨ ਅਤੇ ਦਿਸ਼ਾ-ਨਿਰਦੇਸ਼ ਜਿਵੇਂ ਅੱਗ, ਸੁਆਸਥ ਅਤੇ ਸੁਰੱਖਿਆ ਪਰਕਿਰਿਆਵਾਂ ਅਤੇ ਜੋਖਮ ਪ੍ਰਬੰਧਨ, ਭਾਵੇਂ ਭਵਨ ਵਿੱਚ ਜਾਂ ਸਮੁਦਾਏ ਅਧਾਰਤ ਸੇਵਾ ਵਿੱਚ, ਪਾਲਣਾ ਕੀਤੀ ਜਾਂਦੀ ਹੈ ਅਤੇ ਉਹ ਤੁਹਾਨੂੰ ਉਪਲਬਧ ਕਰਾਇਆ ਜਾਵੇਗਾ।
4. ਤੁਸੀਂ ਜਾਂ ਤੁਹਾਡਾ ਨੁਮਾਇੰਦਾ ਪ੍ਰਮਾਣ-ਪੱਤਰਾਂ ਅਤੇ ਪਰਮਿਟ ਦੀ ਜਾਂਚ ਕਰ ਪਾਓਗੇ।

## ਸਮਰਥਨ ਪ੍ਰਬੰਧਨ

### ਮਾਨਕ 4

**ਤੁਹਾਡੀ ਵਿਅਕਤੀਗਤ ਯੋਜਨਾ ਦੇ ਅਧਾਰ ਤੇ ਸਹਾਇਕ ਸੇਵਾ ਦੇ ਬਾਰੇ ਤੁਹਾਨੂੰ ਨਿਯੋਜਿਤ ਤੌਰ ਤੇ ਪਰਿਚੈ ਕਰਾਇਆ ਜਾਵੇਗਾ। ਤੁਸੀਂ ਸਿੱਖਿਅਤ ਕਰਮਚਾਰੀਆਂ ਦੇ ਨਾਲ ਆਪਣੀ ਵਿਅਕਤੀਗਤ ਯੋਜਨਾ ਨੂੰ ਵਿਕਸਤ ਕਰਨ ਵਿੱਚ ਸ਼ਾਮਲ ਰਹੋਗੇ।**

1 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਸਹਾਇਤਾ ਸੇਵਾ ਦੇ ਕੋਲ ਸੇਵਾ ਲਈ ਬੇਨਤੀਆਂ ਦੇ ਪ੍ਰਤੀ ਪ੍ਰਤੀਕਿਰਿਆ ਕਰਨ ਲਈ ਤਤਕਾਲ ਅਤੇ ਪ੍ਰਭਾਵੀ ਪ੍ਰਣਾਲੀ ਮੌਜੂਦ ਹੈ, ਜਿਸ ਵਿੱਚ ਅਪਾਤਕਾਲੀਨ ਬੇਨਤੀਆਂ ਦੇ ਸਬੰਧ ਵਿੱਚ ਪ੍ਰਤੀਕਿਰਿਆ ਕਰਨ ਦੀ ਪਰਕਿਰਿਆ ਸ਼ਾਮਲ ਹੈ।

2 ਤੁਹਾਡੇ ਲਈ ਇੱਕ ਨਾਮਤ ਸਟਾਫ ਸਦੱਸ ਹੋਵੇਗਾ ਜੋ ਤੁਹਾਡੀ ਦੇਖਭਾਲ ਅਤੇ ਸਹਾਇਤਾ ਲਈ ਉੱਤਰਦਾਈ ਹੈ।

3 ਤੁਸੀਂ ਆਪਣੀ ਵਿਅਕਤੀਗਤ ਯੋਜਨਾ ਨੂੰ ਨਿਯੋਜਿਤ ਕਰਨ ਅਤੇ ਉਸ ਨਾਲ ਰਾਜ਼ੀ ਹੋਣ ਵਿੱਚ ਸ਼ਾਮਲ ਹੁੰਦੇ ਹੋ।

4 ਤੁਹਾਡੀ ਵਿਅਕਤੀਗਤ ਯੋਜਨਾ ਤੁਹਾਡੀਆਂ ਉਮੀਦਾਂ, ਲੋੜਾਂ ਅਤੇ ਵਿਕਲਪਾਂ ਨੂੰ ਦਰਸ਼ਾਉਂਦੀ ਹੈ।

5 ਸਹਾਇਕ ਸੇਵਾ ਦੇ ਨਾਲ ਤੁਹਾਡੇ ਪਹਿਲੇ ਚਾਰ ਹਫਤਿਆਂ ਦੇ ਦੌਰਾਨ, ਤੁਹਾਨੂੰ ਕਰਮਚਾਰੀਆਂ ਦੇ ਨਾਲ ਆਪਣੀਆਂ ਲੋੜਾਂ ਤੇ ਚਰਚਾ ਕਰਨ ਲਈ ਹਰ ਅਵਸਰ ਉਪਲਬਧ ਹੋਵੇਗਾ ਜੋ ਕਿਸੇ ਵੀ ਮੁਸ਼ਕਲ ਵਿੱਚ ਤੁਹਾਡੀ ਸਹਾਇਤਾ ਕਰਣਗੇ।

6 ਤੁਹਾਡੀ ਵਿਅਕਤੀਗਤ ਯੋਜਨਾ ਦੀ ਨੇਮਤ ਤੌਰ ਤੇ ਸਮੀਖਿਆ ਕੀਤੀ ਜਾਵੇਗੀ ਅਤੇ ਇਹ ਸਮੀਖਿਆ ਉਦੋਂ ਵੀ ਕੀਤੀ ਜਾਵੇਗੀ ਜਦੋਂ ਤੁਸੀਂ ਇਸ ਲਈ ਕਹਿੰਦੇ ਹੋ ਜਾਂ ਸਹਾਇਤਾ ਸੇਵਾ ਮੈਨੇਜਰ ਕਹਿੰਦਾ ਹੈ।

7 ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਹੇਠਾਂ ਦਿੱਤੇ ਚਿੰਨ੍ਹਾਂ ਦੇ ਬਾਰੇ ਜਾਣਕਾਰੀ ਅਤੇ ਫੈਸਲੇ ਸ਼ਾਮਲ ਹੁੰਦੇ ਹਨ:

- ਤੁਸੀਂ ਕਿਸ ਨਾਂ ਤੋਂ ਆਪਣੇ-ਆਪ ਨੂੰ ਬੁਲਾਉਣਾ ਪਸੰਦ ਕਰੋਗੇ;
- ਤੁਹਾਡੀ ਸਮਾਜਕ, ਸੱਭਿਆਚਾਰਕ, ਧਾਰਮਕ ਅਤੇ ਸੁਆਸਥ ਸਬੰਧੀ ਲੋੜਾਂ ਅਤੇ ਇਨ੍ਹਾਂ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇ;
- ਕੋਈ ਖਾਸ ਉਪਕਰਨ ਜਿਸ ਦੀ ਤੁਹਾਨੂੰ ਲੋੜ ਹੈ ਅਤੇ ਇਸ ਨੂੰ ਕਿਸ ਤਰ੍ਹਾਂ ਉਪਲਬਧ ਕਰਾਇਆ ਜਾਵੇਗਾ;
- ਕੋਈ ਸੰਚਾਰ ਲੋੜਾਂ ਅਤੇ ਇਨ੍ਹਾਂ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ;
- ਜੇ ਮੂਲ ਭਾਸ਼ਾ ਅੰਗਰੇਜੀ ਨਹੀਂ ਹੈ ਤਾਂ ਕਿਸ ਤਰ੍ਹਾਂ ਦੀਆਂ ਸੰਚਾਰ ਵਿਵਸਥਾਵਾਂ ਨੂੰ ਲਗਾਉਣ ਦੀ ਲੋੜ ਹੈ;
- ਤੁਹਾਡੀ ਵਿਅਕਤੀਗਤ ਯੋਜਨਾ ਦੀ ਸਮੀਖਿਆ ਵਿੱਚ ਕਿਸ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ;
- ਤੁਸੀਂ ਕਿਹੜਾ ਭੋਜਨ ਅਤੇ ਪੇਅ ਪਦਾਰਥ ਪਸੰਦ ਕਰਦੇ ਹੋ ਅਤੇ ਆਹਾਰ ਸਬੰਧੀ ਕੋਈ ਵਿਸ਼ੇਸ਼ ਲੋੜਾਂ;

- ਤੁਹਾਡੀਆਂ ਸੁਆਸਥ ਸਬੰਧੀ ਲੋੜਾਂ ਅਤੇ ਇਨ੍ਹਾਂ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਹੇਠਾਂ ਦਿੱਤੇ ਚਿੰਨ੍ਹ ਸ਼ਾਮਲ ਹਨ:
    - ਦਵਾਈ ਲੈਣ ਦੀਆਂ ਵਿਵਸਥਾਵਾਂ; ਅਤੇ
    - ਪ੍ਰਤੀਰੋਧ ਦੇ ਕੋਈ ਕਦਮ, ਜਿਨ੍ਹਾਂ ਨੂੰ ਕਰਮਚਾਰੀਆਂ ਨੂੰ ਆਪਣੇ-ਆਪ ਤੁਹਾਡੀ ਸੁਰੱਖਿਆ ਲਈ ਜਾਂ ਦੂਜਿਆਂ ਦੀ ਸੁਰੱਖਿਆ ਲਈ ਉਠਾਉਣ ਦੀ ਲੋੜ ਹੈ;
- ਜੇ ਤੁਸੀਂ ਕੋਈ ਸ਼ਿਕਾਇਤ ਕਰਨਾ ਚਾਹੁੰਦੇ ਹੋ ਜਾਂ ਕਿਸੇ ਚਿੰਤਾ ਨੂੰ ਵਿਅਕਤ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰਨ ਲਈ ਕੋਈ ਸੁਤੰਤਰ ਵਿਅਕਤੀ;
- ਮੌਜ-ਮਸਤੀ ਸਬੰਧੀ ਦਿਲਚਸਪੀਆਂ; ਅਤੇ
- ਸੰਭਾਵੀ ਜੋਖਮਾਂ ਸਬੰਧੀ ਫੈਸਲਾ।

8 ਤੁਹਾਡੇ ਕੋਲ ਆਪਣੀ ਵਿਅਕਤੀਗਤ ਯੋਜਨਾ ਦੀ ਇੱਕ ਨਕਲ ਹੋਵੇਗੀ।

## ਤੁਹਾਡਾ ਮਾਹੌਲ

*[ਇਹ ਮਾਨਕ ਉਸ ਸਮੇਂ ਲਾਗੂ ਹੁੰਦੇ ਹਨ ਜਦੋਂ ਸਹਾਇਕ ਸੇਵਾ ਨੂੰ ਪ੍ਰਦਾਤਾ ਦੇ ਪਰਿਸਰਾਂ ਵਿੱਚ ਉਪਲਬਧ ਕਰਾਇਆ ਜਾਂਦਾ ਹੈ ਜਾਂ ਪਰਿਸਰਾਂ ਨੂੰ ਪ੍ਰਦਾਤਾ ਦੁਆਰਾ ਸਹਾਇਕ ਸੇਵਾਵਾਂ ਪ੍ਰਦਾਨ ਕਰਨ ਲਈ ਪੱਟੇ ਤੇ ਦਿੱਤਾ ਜਾਂਦਾ ਹੈ (ਵਿਅਕਤੀਗਤ ਤੌਰ ਤੇ ਅਤੇ ਹੋਰ ਏਜੰਸੀਆਂ ਦੇ ਨਾਲ ਸਾਂਝੇਦਾਰੀ ਵਿੱਚ)]*

## ਮਾਨਕ 5

**ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਭਵਨ ਵਿੱਚ ਪਹੁੰਚਿਆ ਜਾ ਸਕਦਾ ਹੈ ਅਤੇ ਉਸ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਗਿਆ ਹੈ ਤਾਂ ਕਿ ਇੱਕ ਸੁਰੱਖਿਅਤ, ਖੁੱਲਾ ਅਤੇ ਸੁਹਾਵਨਾ ਮਾਹੌਲ ਉਪਲਬਧ ਹੋ ਸਕੇ ਜਿਸ ਵਿੱਚ ਨਿਜੀ, ਸਮੂਹ ਅਤੇ ਸਮਾਜਕ ਸਥਾਨ ਦੇ ਸਬੰਧ ਵਿੱਚ ਇੱਕ ਸੰਤੁਲਨ ਹੈ।**

1 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਭਵਨ ਦੇ ਫਰਸ਼ ਅਤੇ ਬਾਹਰ ਦੀ ਥਾਂ ਨੂੰ ਚੰਗੀ ਤਰ੍ਹਾਂ ਬਣਾਏ ਰੱਖਿਆ ਜਾਂਦਾ ਹੈ ਅਤੇ ਰਸਤੇ ਵਿੱਚ ਉਨ੍ਹਾਂ ਦੀ ਪਛਾਣ ਇਸ ਰੂਪ ਵਿੱਚ ਨਹੀਂ ਕੀਤੀ ਜਾਂਦੀ ਹੈ ਜੋ ਸਹਾਇਕ ਸੇਵਾਵਾਂ ਦੇ ਤੁਹਾਡੇ ਉਪਯੋਗ ਵਿੱਚ ਰੁਕਾਵਟ ਉਤਪੰਨ ਕਰਨ ਵਾਲੇ ਹਨ।

2 ਤੁਸੀਂ ਜਾਣਦੇ ਹੋ ਕਿ ਭਵਨ ਦਾ ਡਿਜ਼ਾਇਨ ਅਤੇ ਇਸ ਦੀ ਫਿਟਿੰਗਸ ਨਾਲ ਤੁਹਾਨੂੰ ਆਪਣੀ ਸੁਤੰਤਰਤਾ ਨੂੰ ਬਣਾਏ ਰੱਖਣ ਅਤੇ ਉਸ ਨੂੰ ਵਧਾਉਣ ਵਿੱਚ ਸਹਾਇਤਾ ਮਿਲਦੀ ਹੈ।

3 ਤੁਸੀਂ ਇਹ ਉਮੀਦ ਕਰ ਸਕਦੇ ਹੋ ਕਿ ਪਰਿਸਰਾਂ ਨੂੰ ਸਾਫ-ਸੁਥਰਾ, ਸੁਆਸਥਪੂਰਨ ਅਤੇ ਕਿਸੇ ਵੀ ਤਰੀਕੇ ਨਾਲ ਕਸ਼ਟਕਾਰੀ ਬਦਬੂ ਅਤੇ ਸ਼ੋਰ-ਸ਼ਰਾਬੇ ਤੋਂ ਮੁਕਤ ਰੱਖਿਆ ਜਾਂਦਾ ਹੈ। ਇਨ੍ਹਾਂ ਵਿੱਚ ਮੌਜੂਦਾ ਅੱਗ ਸ਼ਮਨ ਨਿਯਾਮਕ, ਸੁਆਸਥ ਅਤੇ ਸੁਰੱਖਿਆ ਸਬੰਧੀ ਲੋੜਾਂ ਅਤੇ ਵਾਤਾਵਰਨ ਸਬੰਧੀ ਸੁਆਸਥ ਨਿਯਾਮਕਾਂ ਦੀ ਅਨੁਪਾਲਣਾ ਕੀਤੀ ਜਾਂਦੀ ਹੈ।

4 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਇਹ ਸੁਨਿਸ਼ਚਤ ਕੀਤਾ ਜਾਂਦਾ ਹੈ ਕਿ ਅੱਗ ਲੱਗਣ ਦੀ ਸਥਿਤੀ ਵਿੱਚ ਉਨ੍ਹਾਂ ਨੇ ਕੀ ਕਰਨਾ ਹੈ।

5 ਤੁਸੀਂ ਇਸ ਸਬੂਤ ਲਈ ਕਹਿ ਸਕਦੇ ਹੋ ਅਤੇ ਉਹ ਤੁਹਾਨੂੰ ਉਪਲਬਧ ਕਰਾਇਆ ਜਾਣਾ ਚਾਹੀਦਾ ਹੈ ਕਿ ਪ੍ਰਦਾਤਾ ਕੋਲ ਕਰਮਚਾਰੀਆਂ ਅਤੇ ਸਮਾਜਕ ਦੇਣਦਾਰੀ ਲਈ ਜ਼ਰੂਰੀ ਬੀਮਾ ਹੈ, ਅਤੇ ਉਸ ਨੇ ਭਵਨ ਅਤੇ ਸਾਜੋ-ਸਮਾਨ ਦਾ ਬੀਮਾ ਕਰਵਾਇਆ ਹੋਇਆ ਹੈ। ਪ੍ਰਦਾਤਾ ਦੁਆਰਾ ਇਹ ਸੁਨਿਸ਼ਚਤ ਕੀਤਾ ਜਾਵੇਗਾ ਕਿ ਤੁਹਾਨੂੰ ਆਪਣੇ ਵਿਅਕਤੀਗਤ ਸਾਜੋ-ਸਮਾਨ ਦੀ ਉੱਚਿਤ ਵਿਵਸਥਾਵਾਂ ਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਜੇ ਇਸ ਨੂੰ ਪ੍ਰਦਾਤਾ ਦੇ ਬੀਮੇ ਦੁਆਰਾ ਕਵਰ ਨਹੀਂ ਕੀਤਾ ਗਿਆ ਹੈ।

6 ਤੁਹਾਨੂੰ ਸੁਰੱਖਿਅਤ ਭੰਡਾਰਨ ਸੁਵਿਧਾਵਾਂ ਉਪਲਬਧ ਕਰਾਈਆਂ ਜਾਣਗੀਆਂ।

7 ਜੇ ਤੁਸੀਂ ਸਿਗਰਟ ਪੀਂਦੇ ਹੋ, ਤਾਂ ਤੁਹਾਨੂੰ ਇਸ ਗੱਲ ਦੀ ਜਾਣਕਾਰੀ ਹੋਵੇਗੀ ਕਿ ਕੀ ਤੁਸੀਂ ਪਰਿਸਰਾਂ ਵਿੱਚ ਸਿਗਰਟ ਪੀ ਸਕਦੇ ਹੋ ਅਤੇ ਜੇ ਹਾਂ, ਤਾਂ ਕਿੱਥੇ।

8 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਭਵਨ ਦੇ ਅੰਦਰ ਕਈ ਮਨੋਰੰਜਨ ਦੇ ਸਾਧਨ ਅਤੇ ਸ਼ਿਲਪ ਉਪਕਰਨ ਉਪਲਬਧ ਹੋਣਗੇ। ਜਿੱਥੇ ਸੰਭਵ ਹੋਵੇਗਾ, ਭਵਨ ਦੇ ਆਲੇ-ਦੁਆਲੇ ਦੇ ਮੈਦਾਨਾਂ ਦਾ ਉਪਯੋਗ ਬਾਹਰੀ ਗਤੀਵਿਧੀਆਂ ਲਈ ਕੀਤਾ ਜਾਵੇਗਾ।

## ਪਹਿਲੀਆਂ ਬੈਠਕਾਂ

### ਮਾਨਕ 6

**ਤੁਸੀਂ ਕਰਮਚਾਰੀਆਂ ਅਤੇ ਪ੍ਰਬੰਧਨ ਨਾਲ ਮੁਲਾਕਾਤ ਕਰ ਸਕਦੇ ਹੋ ਅਤੇ ਸਹਾਇਕ ਸੇਵਾ ਦਾ ਉਪਯੋਗ ਕਰਨ ਤੋਂ ਪਹਿਲਾਂ ਇਸ ਨੂੰ ਦੇਖ ਸਕਦੇ ਹੋ।**

1 ਜਿੱਥੇ ਸਹਾਇਕ ਸੇਵਾ ਕੇਂਦਰ ਵਿੱਚ ਉਪਲਬਧ ਕਰਾਈ ਜਾਂਦੀ ਹੈ, ਤਾਂ ਤੁਹਾਡੇ ਕੋਲ ਘੱਟੋ-ਘੱਟ ਇੱਕ ਅਵਸਰ ਕਰਮਚਾਰੀਆਂ ਅਤੇ ਉਨ੍ਹਾਂ ਲੋਕਾਂ ਨਾਲ ਮਿਲਣ ਦਾ ਹੋਵੇਗਾ ਜੋ ਸਹਾਇਕ ਸੇਵਾਵਾਂ ਦਾ ਉਪਯੋਗ ਕਰਦੇ ਹਨ ਤਾਂ ਕਿ ਤੁਹਾਨੂੰ ਸਹਾਇਕ ਸੇਵਾ ਦਾ ਉਪਯੋਗ ਕਰਨ ਨਾਲ ਸਬੰਧਤ ਫੈਸਲਾ ਕਰਨ ਵਿੱਚ ਸਹਾਇਤਾ ਮਿਲ ਸਕੇ।

2 ਜੇ ਸਹਾਇਤਾ ਸੇਵਾ ਸਮੁਦਾਏ ਵਿੱਚ ਉਪਲਬਧ ਕਰਾਈ ਜਾਂਦੀ ਹੈ, ਤਾਂ ਤੁਹਾਡੇ ਕੋਲ ਸੇਵਾ ਦਾ ਉਪਯੋਗ ਕਰਨ ਵਾਲੇ ਲੋਕਾਂ ਨਾਲ ਮੁਲਾਕਾਤ ਕਰਨ ਜਾਂ ਸੀਮਤ ਅਵਧੀ ਤਕ ਸਹਾਇਤਾ ਸੇਵਾ ਦਾ ਉਪਯੋਗ ਕਰਨ ਦਾ ਅਵਸਰ ਹੋਵੇਗਾ ਜਦੋਂ ਤਕ ਕਿ ਤੁਸੀਂ ਅਤੇ ਹੋਰ ਜੋ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਸ਼ਾਮਲ ਹਨ ਇਸ ਗੱਲ ਤੇ ਰਾਜ਼ੀ ਨਹੀਂ ਹੋ ਜਾਂਦੇ ਕਿ ਇਸ ਨਾਲ ਤੁਹਾਡੀਆਂ ਲੋੜਾਂ ਦੀ ਪੂਰਤੀ ਹੋਵੇਗੀ।

3 ਜੇ ਤੁਸੀਂ ਚਾਹੁੰਦੇ ਹੋ ਤਾਂ ਤੁਹਾਡੇ ਦੇਖਭਾਲਕਰਤਾ ਜਾਂ ਨੁਮਾਇੰਦੇ ਬੈਠਕਾਂ ਜਾਂ ਮੁਲਾਕਾਤਾਂ ਵਿੱਚ ਸ਼ਾਮਲ ਹੋ ਸਕਦੇ ਹਨ।

# 7-12

ਸਹਾਇਕ ਸੇਵਾ ਦਾ ਉਪਯੋਗ ਕਰਨਾ


7 ਸਹਾਇਕ ਸੇਵਾ ਦਾ ਉਪਯੋਗ ਕਰਨਾ

8 ਵਿਕਲਪ ਚੁਣਨਾ

9 ਸਹਾਇਕ ਸੰਚਾਰ

10 ਸੁਰੱਖਿਅਤ ਮਹਿਸੂਸ ਕਰਨਾ

11 ਆਪਣੇ ਅਧਿਕਾਰਾਂ ਦਾ ਉਪਯੋਗ ਕਰਨਾ

12 ਆਪਣੀ ਰਾਏ ਵਿਅਕਤ ਕਰਨਾ


ਰਾਸ਼ਟਰੀ **ਦੇਖਭਾਲ** ਮਾਨਕ

ਸਹਾਇਕ ਸੇਵਾਵਾਂ

# ਸਹਾਇਕ ਸੇਵਾ ਦੀ ਵਰਤੋਂ ਕਰਨਾ

## ਮਾਨਕ 7 ਤੋਂ 12 ਦੀ ਭੂਮਿਕਾ

ਲੋਕਾਂ ਨੂੰ ਨਵੇਂ ਪਰਿਵੇਸ਼ ਵਿੱਚ ਵਿਵਸਥਿਤ ਹੋਣ ਵਿੱਚ ਸਮਾਂ ਲੱਗ ਜਾਂਦਾ ਹੈ। ਤੁਸੀਂ ਇਸ ਗੱਲ ਦੀ ਉਮੀਦ ਕਰ ਸਕਦੇ ਹੋ ਕਿ ਮੈਨੇਜਰ ਅਤੇ ਕਰਮਚਾਰੀ ਇਸ ਅਵਧੀ ਦੇ ਦੌਰਾਨ ਤੁਹਾਡੀਆਂ ਭਾਵਨਾਵਾਂ ਅਤੇ ਚਿੰਤਾਵਾਂ ਦੇ ਪ੍ਰਤੀ ਸੰਵੇਦਨਸ਼ੀਲ ਹਨ। ਉਹ ਇਸ ਗੱਲ ਦਾ ਸਤਿਕਾਰ ਕਰਣਗੇ ਕਿ ਤੁਹਾਡੇ ਕੋਲ ਇਸ ਗੱਲ ਦੇ ਵਿਕਲਪ ਹਨ ਕਿ ਤੁਹਾਡੀ ਵਿਅਕਤੀਗਤ ਯੋਜਨਾ ਨੂੰ ਕਿਸ ਤਰ੍ਹਾਂ ਪ੍ਰੈਕਟਿਸ ਵਿੱਚ ਲਿਆਇਆ ਜਾਵੇਗਾ ਅਤੇ ਤੁਹਾਡੀ ਸਹਾਇਤਾ ਅਤੇ ਦੇਖਭਾਲ ਸਬੰਧੀ ਲੋੜਾਂ ਕਿਸ ਤਰ੍ਹਾਂ ਤਬਦੀਲ ਹੋ ਸਕਦੀਆਂ ਹਨ।

## ਪਸੰਦ ਅਤੇ ਸੰਚਾਰ

ਲੋਕ ਕਈ ਕਾਰਨਾਂ ਲਈ ਸੰਚਾਰ ਦੀਆਂ ਵੱਖ-ਵੱਖ ਭਾਸ਼ਾਵਾਂ ਜਾਂ ਤਰੀਕਿਆਂ ਦੀ ਵਰਤੋਂ ਕਰ ਸਕਦੇ ਹਨ। ਸਿੱਟੇ ਵਜੋਂ ਉਨ੍ਹਾਂ ਨੂੰ ਆਪਣੇ-ਆਪ ਨੂੰ ਸਮਝਾਉਣ ਵਿੱਚ ਮੁਸ਼ਕਲ ਹੋਈ ਹੋ ਸਕਦੀ ਹੈ। ਪਰ ਸੰਚਾਰ ਕਰਨ ਦੇ ਯੋਗ ਹੋਣਾ ਰੋਜ਼ ਦੇ ਜੀਵਨ ਵਿੱਚ ਭਾਗ ਲੈਣ ਦਾ ਇੱਕ ਜਰੂਰੀ ਹਿੱਸਾ ਹੈ ਅਤੇ ਤੁਹਾਨੂੰ ਅਜਿਹਾ ਕਰਨ ਵਿੱਚ ਮਦਦ ਪ੍ਰਾਪਤ ਕਰਨ ਲਈ ਇਸ ਦੀ ਚੋਣ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਤੁਹਾਡੇ ਕੋਲ ਘਰੇਲੂ ਸਮਰਥਨ ਸੇਵਾ ਦੁਆਰਾ ਮਦਦ ਅਤੇ ਸਮਰਥਨ ਪ੍ਰਦਾਨ ਕੀਤੇ ਜਾਣ ਤੇ, ਆਪਣੇ ਜੀਵਨ ਬਾਰੇ ਫੈਸਲਿਆਂ ਨੂੰ ਕਰਨ ਦਾ ਅਧਿਕਾਰ ਹੈ।

## ਸੁਰੱਖਿਅਤ ਮਹਿਸੂਸ ਕਰਨਾ

ਸਹਾਇਕ ਸੇਵਾ ਦਾ ਉਪਯੋਗ ਕਰਨ ਵੇਲੇ ਤੁਹਾਨੂੰ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ। ਤੁਹਾਨੂੰ ਉਨ੍ਹਾਂ ਜੋਖਮਾਂ ਨੂੰ ਵੀ ਚੁਣਨ ਦਾ ਅਧਿਕਾਰ ਹੈ ਜਿਨ੍ਹਾਂ ਨੂੰ ਤੁਸੀਂ ਉਠਾਉਣਾ ਚਾਹੁੰਦੇ ਹੋ, ਉਸ ਸਮੇਂ ਤਕ ਜੱਦ ਕਿ ਤੁਹਾਡੀਆਂ ਵਿਅਕਤੀਗਤ ਲੋੜਾਂ ਅਤੇ ਪਸੰਦਾਂ ਅਤੇ ਕਰਮਚਾਰੀਆਂ ਅਤੇ ਸਹਾਇਕ ਸੇਵਾਵਾਂ ਦਾ ਉਪਯੋਗ ਕਰਨ ਵਾਲੇ ਹੋਰ ਲੋਕਾਂ ਦੇ ਕਲਿਆਣ ਦੇ ਵਿੱਚ ਇੱਕ ਸਮੁਚਿਤ ਸੰਤੁਲਨ ਹੈ।

## ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ - ਆਪਣੇ ਵਿਚਾਰਾਂ ਨੂੰ ਵਿਅਕਤ ਕਰਨਾ

ਸਹਾਇਕ ਸੇਵਾ ਦੇ ਸਟਾਫ ਦਾ ਹਮੇਸ਼ਾ ਤੁਹਾਡੇ ਅਧਿਕਾਰਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਨੂੰ ਵਧਾਵਾ ਦੇਣਾ ਲਾਜ਼ਮੀ ਹੈ। ਉਨ੍ਹਾਂ ਦਾ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਤੁਸੀਂ ਸੇਵਾ ਦੀ ਗੁਣਵੱਤਾ ਬਾਰੇ ਆਪਣੇ ਵਿਚਾਰਾਂ ਅਤੇ ਇਸ ਦੇ ਆਪਣੇ ਅਨੁਭਵ ਨੂੰ ਵਿਅਕਤ ਕਰ ਸਕਦੇ ਹੋ, ਅਤੇ ਉਹ ਤੁਹਾਡੀਆਂ ਟਿੱਪਣੀਆਂ, ਚਿੰਤਾਵਾਂ ਅਤੇ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦੇ ਹਨ। ਉਹ ਇਸ ਵਿੱਚ ਯੋਗਦਾਨ ਪਾਉਣ ਅਤੇ ਪ੍ਰਭਾਵਿਤ ਕਰਨ ਦਾ ਤੁਹਾਡਾ ਤਰੀਕਾ ਹਨ ਕਿ ਸੇਵਾਵਾਂ ਨੂੰ ਕਿਵੇਂ ਪ੍ਰਦਾਨ ਕੀਤਾ ਜਾਂਦਾ ਹੈ।

## ਸਮਰਥਨ ਸੇਵਾ ਦੀ ਵਰਤੋਂ ਕਰਨਾ

### ਮਾਨਕ 7

**ਜਦੋਂ ਤੁਸੀਂ ਪਹਿਲੀ ਵਾਰੀ ਸਹਾਇਕ ਸੇਵਾ ਦਾ ਉਪਯੋਗ ਕਰਨਾ ਸ਼ੁਰੂ ਕਰਦੇ ਹੋ, ਤਾਂ ਤੁਹਾਡਾ ਉਨ੍ਹਾਂ ਕਰਮਚਾਰੀਆਂ ਦੁਆਰਾ ਸੁਆਗਤ ਕੀਤਾ ਅਤੇ ਉਤਸ਼ਾਹ ਵਧਾਇਆ ਜਾਂਦਾ ਹੈ ਜੋ ਤੁਹਾਡੀ ਉਡੀਕ ਕਰ ਰਹੇ ਹਨ ਅਤੇ ਜਿਨ੍ਹਾਂ ਨੇ ਸਹਾਇਤਾ ਸੇਵਾ ਨਾਲ ਤੁਹਾਡਾ ਪਰਿਚੈ ਕਰਾਉਣ ਲਈ ਵਿਵਸਥਾਵਾਂ ਕੀਤੀਆਂ ਹਨ।**

1 ਤੁਹਾਡੇ ਲਈ ਇੱਕ ਨਾਮਤ ਸਟਾਫ ਸਦੱਸ ਦੀ ਵਿਵਸਥਾ ਕੀਤੀ ਜਾਵੇਗੀ ਜੋ ਤੁਹਾਡੀਆਂ ਲੋੜਾਂ ਦੀ ਵਿਵਸਥਾ ਕਰਨ ਲਈ ਸਮਾਯੋਜਨ ਕੀਤਾ ਜਾਵੇਗਾ, ਜਿਨ੍ਹਾਂ ਨੂੰ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਨਿਰਧਾਰਤ ਕੀਤਾ ਗਿਆ ਹੈ।

2 ਤੁਸੀਂ ਆਪਣੇ ਨਾਮਤ ਕਾਰਜਕਰਤਾ ਦੇ ਨਾਲ ਸਾਰੇ ਸਮੁਚਿਤ ਸਮਿਆਂ ਤੇ ਆਪਣੀਆਂ ਲੋੜਾਂ ਤੇ ਚਰਚਾ ਕਰ ਸਕਦੇ ਹੋ।

3 ਤੁਸੀਂ ਸਹਾਇਕ ਸੇਵਾਵਾਂ ਨੂੰ ਉਪਯੋਗ ਕਰਨ ਦੇ ਆਪਣੇ ਫੈਸਲੇ ਤੇ ਮੁੜ ਤੋਂ ਵਿਚਾਰ ਕਰ ਸਕਦੇ ਹੋ ਅਤੇ ਕਰਮਚਾਰੀਆਂ ਅਤੇ ਆਪਣੇ ਨੁਮਾਇੰਦੇ ਨਾਲ ਗੱਲ ਕਰ ਸਕਦੇ ਹੋ, ਜੋ ਤੁਹਾਡੇ ਲਈ ਉਪਲਬਧ ਵਿਕਲਪਾਂ ਤੇ ਤੁਹਾਡੇ ਨਾਲ ਚਰਚਾ ਕਰਣਗੇ।

## ਵਿਕਲਪਾਂ ਦੀ ਚੋਣ ਕਰਨਾ

### ਮਾਨਕ 8

**ਤੁਸੀਂ ਆਪਣੇ ਵਿਅਕਤੀਗਤ ਅਤੇ ਸਮਾਜਕ ਜੀਵਨ ਦੇ ਹਰ ਪੈਹਲੂ ਦੇ ਸਬੰਧ ਵਿੱਚ ਵਿਕਲਪ ਚੁਣ ਸਕਦੇ ਹੋ।**

1 ਤੁਹਾਨੂੰ ਆਪਣੀ ਵਿਅਕਤੀਗਤ ਯੋਜਨਾ ਵਿੱਚ ਨਿਰਧਾਰਤ ਲੱਕਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਕੁਸ਼ਲ ਕਰਮਚਾਰੀਆਂ ਦੀ ਸਹਾਇਤਾ ਉਪਲਬਧ ਹੋਵੇਗੀ।

2 ਤੁਹਾਡੇ ਕੋਲ ਆਪਣੇ ਕਲਿਆਣ ਨਾਲ ਸਬੰਧਤ ਸਮੀਖਿਆਵਾਂ ਅਤੇ ਹੋਰ ਬੈਠਕਾਂ ਦਾ ਨਿਯੰਤ੍ਰਣ ਹੈ। ਜੇ ਤੁਸੀਂ ਅਜਿਹਾ ਚਾਹੁੰਦੇ ਹੋ ਤਾਂ ਤੁਹਾਨੂੰ ਅਜਿਹਾ ਕਰਨ ਲਈ ਸਹਾਇਤ ਉਪਲਬਧ ਕਰਾਈ ਜਾਵੇਗੀ।

3 ਤੁਹਾਡੇ ਕੋਲ ਜੋ ਸੰਪੂਰਨ ਜਾਣਕਾਰੀ ਤੁਸੀਂ ਪ੍ਰਾਪਤ ਕਰਦੇ ਹੋ, ਉਸ ਨੂੰ ਸਮਝਣ ਲਈ ਤੁਸੀਂ ਸਲਾਹ ਪ੍ਰਾਪਤ ਕਰ ਸਕਦੇ ਹੋ ਅਤੇ ਨਾਲ ਹੀ ਹਰ ਉਪਲਬਧ ਵਿਕਲਪ ਦੇ ਪ੍ਰਭਾਵ ਦੇ ਬਾਰੇ ਤੁਸੀਂ ਸਲਾਹ ਪ੍ਰਾਪਤ ਕਰ ਸਕਦੇ ਹੋ।

4 ਤੁਸੀਂ ਉਨ੍ਹਾਂ ਗਤੀਵਿਧੀਆਂ ਨੂੰ ਚੁਣ ਸਕਦੇ ਹੋ ਜਿਨ੍ਹਾਂ ਵਿੱਚ ਤੁਸੀਂ ਸ਼ਾਮਲ ਹੋਣਾ ਚਾਹੁੰਦੇ ਹੋ, ਅਤੇ ਜੇ ਤੁਹਾਨੂੰ ਲੋੜ ਹੈ ਤਾਂ ਕਰਮਚਾਰੀਆਂ ਦੁਆਰਾ ਤੁਹਾਨੂੰ ਸਹਾਇਤਾ ਉਪਲਬਧ ਕਰਾਈ ਜਾਵੇਗੀ।

5 ਤੁਹਾਡੇ ਕੋਲ ਬਿਨਾਂ ਕਿਸੇ ਦਬਾਵ ਦੇ ਆਪਣੇ ਵਿਕਲਪਾਂ ਤੇ ਵਿਚਾਰ ਕਰਨ ਦਾ ਸਮਾਂ ਹੋਵੇਗਾ।

6 ਤੁਹਾਡੀ ਵਿਅਕਤੀਗਤ ਯੋਜਨਾ ਦੇ ਮੁਤਾਬਕ ਤੁਹਾਡੀ ਸੁਰੱਖਿਆ ਅਤੇ ਕਲਿਆਣ ਲਈ ਵਿਵਸਥਾਵਾਂ ਦੇ ਉਪਲਬਧ ਹੋਣ ਤਕ ਤੁਸੀਂ ਆਪਣੀ ਮਰਜ਼ੀ ਨਾਲ ਆਉਣਾ-ਜਾਣਾ ਕਰ ਸਕਦੇ ਹੋ।

7 ਜੇ ਤੁਸੀਂ ਚਾਹੁੰਦੇ ਹੋ, ਤਾਂ ਵਿਕਲਪਾਂ ਨੂੰ ਚੁਣਨ ਵਿੱਚ ਤੁਹਾਡੀ ਸਹਾਇਤਾ ਲਈ ਤੁਹਾਡੇ ਲਈ ਸਿੱਖਿਅਤ, ਸੁਤੰਤਰ ਨੁਮਾਇੰਦਿਆਂ ਤਕ ਪਹੁੰਚ ਉਪਲਬਧ ਹੋਵੇਗੀ।

8 ਕਲਿਆਣ ਅਧਿਕਾਰਾਂ ਦੇ ਬਾਰੇ ਮਾਹਰ ਸਲਾਹ ਪ੍ਰਾਪਤ ਕਰਨ ਲਈ ਤੁਹਾਡੀ ਕਰਮਚਾਰੀਆਂ ਦੁਆਰਾ ਸਹਾਇਤਾ ਕੀਤੀ ਜਾ ਸਕਦੀ ਹੈ ਤਾਂ ਕਿ ਤੁਸੀਂ ਆਪਣੇ ਲਈ ਉਪਲਬਧ ਸੰਸਾਧਨਾਂ ਨੂੰ ਵਧਾ ਸਕੋ ਅਤੇ ਉਨ੍ਹਾਂ ਸੰਸਾਧਨਾਂ ਨੂੰ ਵਧਾ ਸਕੋ ਜਿਨ੍ਹਾਂ ਦੀ ਤੁਹਾਨੂੰ ਆਪਣੇ ਵਿਕਲਪਾਂ ਨੂੰ ਚੁਣਨ ਵਿੱਚ ਸਹਾਇਤਾ ਦੀ ਲੋੜ ਹੈ।

9 ਜੇ ਤੁਸੀਂ ਆਪਣਾ ਖੁਦ ਦਾ ਵਿਅਕਤੀਗਤ ਸਹਾਇਕ ਨਿਯੁਕਤ ਕਰਦੇ ਹੋ, ਤਾਂ ਜਦੋਂ ਤੁਸੀਂ ਸਹਾਇਕ ਸੇਵਾ ਪ੍ਰਾਪਤ ਕਰ ਰਹੇ ਹੋ, ਉਸ ਦੌਰਾਨ ਉਹ ਵਿਅਕਤੀ ਉਨ੍ਹਾਂ ਸਾਰੇ ਕਾਰਜਾਂ ਨੂੰ ਕਰਨਾ ਜਾਰੀ ਰੱਖੇਗਾ ਜਿਨ੍ਹਾਂ ਨੂੰ ਤੁਸੀਂ ਉਸ ਤੋਂ ਕਰਵਾਉਣਾ ਚਾਹੁੰਦੇ ਹੋ,

10 ਤੁਸੀਂ ਕਰਮਚਾਰੀਆਂ ਦੇ ਨਾਲ ਸਹਾਇਕ ਸੇਵਾ ਦੇ ਪ੍ਰਬੰਧਨ ਵਿੱਚ ਭਾਗ ਲੈ ਸਕਦੇ ਹੋ। ਇਸ ਵਿੱਚ ਹੇਠਾਂ ਲਈ ਯੋਗਦਾਨ ਸ਼ਾਮਲ ਹੋਵੇਗਾ:

- ਸਹਾਇਕ ਸੇਵਾ ਦਾ ਦੈਨਿਕ ਪ੍ਰਚਾਲਨ;
- ਕਰਮਚਾਰੀਆਂ ਦੀ ਭਰਤੀ ਅਤੇ ਚੋਣ ਕਰਨਾ;
- ਪੂਰਤੀਆਂ ਅਤੇ ਪੂਰਤੀਕਰਤਾਵਾਂ ਨੂੰ ਚੁਣਨਾ;
- ਗਤੀਵਿਧੀਆਂ ਦੀ ਯੋਜਨਾ ਕਰਨਾ;
- ਦੇਖਭਾਲ ਦੀ ਗੁਣਵੱਤਾ ਦੀ ਨਿਗਰਾਨੀ ਕਰਨਾ; ਅਤੇ
- ਸਹਾਇਕ ਸੇਵਾ ਲਈ ਯੋਜਨਾਵਾਂ ਦਾ ਵਿਕਾਸ ਕਰਨਾ।

11 ਤੁਸੀਂ ਇਸ ਗੱਲ ਦੇ ਸੰਦਰਭ ਵਿੱਚ ਨਿਸ਼ਚਿੰਤ ਹੋ ਸਕਦੇ ਹੋ ਕਿ ਮੈਨੇਜਰ ਅਤੇ ਕਰਮਚਾਰੀ ਤੁਹਾਨੂੰ ਇਸ ਬਾਰੇ ਦੱਸਣਗੇ ਕਿ ਸੇਵਾ ਦੇ ਪ੍ਰਬੰਧਨ ਦੇ ਸੰਦਰਭ ਵਿੱਚ ਤੁਸੀਂ ਕਿਨ੍ਹਾਂ ਕਾਰਜਾਂ ਵਿੱਚ ਭਾਗ ਨਹੀਂ ਲੈ ਸਕਦੇ ਹੋ ਅਤੇ ਤੁਹਾਡੇ ਨਾਲ ਕਾਰਨਾਂ ਤੇ ਚਰਚਾ ਕਰਨਗੇ।

## ਸਮਰਥਕ ਸੰਚਾਰ

## ਮਾਨਕ 9

**ਜੇ ਤੁਹਾਡੀ ਮੂਲ ਭਾਸ਼ਾ ਅੰਗਰੇਜੀ ਨਹੀਂ ਹੈ ਤਾਂ ਸੇਵਾਵਾਂ, ਉਪਸਕਰਾਂ ਅਤੇ ਉਪਕਰਨਾਂ ਦੇ ਸੰਚਾਰ ਲਈ ਉਪਯੋਗ ਕਰਨ ਲਈ ਜਾਂ ਤੁਹਾਡੀਆਂ ਕੋਈ ਹੋਰ ਸੰਚਾਲਨ ਲੋੜਾਂ ਹਨ, ਤਾਂ ਤੁਹਾਡੇ ਲਈ ਸਹਾਇਤਾ ਉਪਲਬਧ ਹੋਵੇਗੀ।**

1. ਤੁਹਾਡੀਆਂ ਸੰਚਾਰ ਲੋੜਾਂ ਦਾ ਨੇਮਤ ਤੌਰ ਤੇ ਮੁਲਾਂਕਣ ਅਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਜੇ ਤੁਹਾਨੂੰ ਲੋੜ ਹੈ ਤਾਂ ਤੁਹਾਡੇ ਲਈ ਹਮੇਸ਼ਾ ਸੰਚਾਰ ਸਹਾਇਤਾ ਉਪਲਬਧ ਹੋਵੇਗੀ।

2. ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਖਾਸ ਉਪਕਰਨਾਂ ਦੇ ਉਪਯੋਗ ਕਰਨ ਵਿੱਚ ਕਰਮਚਾਰੀ ਤੁਹਾਡੀ ਸਹਾਇਤਾ ਕਰ ਸਕਦੇ ਹਨ।

3. ਤੁਹਾਡੀ, ਤੁਹਾਡੇ ਨਾਮਤ ਕਾਮਗਾਰ ਜਾਂ ਸਿੱਖਿਅਤ ਸੰਚਾਰ ਸਹਾਇਤਾ ਕਾਮਗਾਰਾਂ ਦੁਆਰਾ ਸਹਾਇਤਾ ਕੀਤੀ ਜਾਂਦੀ ਹੈ ਜਿਨ੍ਹਾਂ ਵਿੱਚ ਸਿੱਖਿਅਤ ਦੁਭਾਸ਼ੀਏ ਵੀ ਸ਼ਾਮਲ ਹਨ।

4. ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀ ਉਨ੍ਹਾਂ ਲੋਕਾਂ ਨੂੰ ਜੋ ਤੁਹਾਡੀਆਂ ਸੰਚਾਰ ਲੋੜਾਂ ਦੇ ਬਾਰੇ ਜਾਣਦੇ ਹਨ, ਉਹ ਇਨ੍ਹਾਂ ਬਾਰੇ ਤੁਹਾਨੂੰ ਸਲਾਹ ਅਤੇ ਜਾਣਕਾਰੀ ਦੇਣ, ਖਾਸ ਤੌਰ ਤੇ ਜਦੋਂ ਤੁਹਾਡਾ ਪਰਿਚੈ ਕਿਸੇ ਨਵੀਂ ਵਿਵਸਥਾ ਤੇ ਕਰਾਇਆ ਜਾ ਰਿਹਾ ਹੋਵੇ।

5. ਤੁਸੀਂ ਤੀਬਰਤਾਪੂਰਕ ਅਤੇ ਆਪਣੀ ਪਸੰਦੀਦਾ ਸ਼ੈਲੀ ਵਿੱਚ ਸਮਪ੍ਰੇਸ਼ਨ ਕਰ ਸਕਦੇ ਹੋ।

6. ਤੁਸੀਂ ਮਹੱਤਵਪੂਰਨ ਘਟਨਾਵਾਂ ਅਤੇ ਕਿਸੇ ਖਾਸ ਅਵਸਰ ਦੇ ਬਾਰੇ ਤਿਆਰ ਹੋ ਸਕਦੇ ਹੋ ਤਾਂ ਕਿ ਆਪਣੀਆਂ ਭਾਵਨਾਵਾਂ, ਵਿਚਾਰਾਂ ਅਤੇ ਜਵਾਬਾਂ ਨੂੰ ਸੰਪ੍ਰੇਸ਼ਿਤ ਕਰ ਸਕੋ।

## ਸੁਰੱਖਿਅਤ ਮਹਿਸੂਸ ਕਰਨਾ

### ਮਾਨਕ 10

**ਤੁਸੀਂ ਆਪਣੀ ਕਾਰਵਾਈਆਂ ਲਈ ਜ਼ੁੰਮੇਵਾਰੀ ਨੂੰ ਸਵੀਕਾਰ ਕਰਦੇ ਹੋ, ਆਪਣੇ ਗਿਆਨ ਨੂੰ ਸੁਰੱਖਿਅਤ ਕਰ ਸਕਦੇ ਹੋ ਕਿਉਂਕਿ ਸਹਾਇਕ ਸੇਵਾ ਦੁਆਰਾ ਤੁਹਾਡੇ ਹਿੱਤਾਂ ਦੀ ਰੱਖਿਆ ਕਰਨ ਲਈ ਉੱਚਿਤ ਪ੍ਰਣਾਲੀਆਂ ਸਥਾਪਤ ਕੀਤੀਆਂ ਗਈਆਂ ਹਨ।**

1 ਤੁਹਾਨੂੰ ਦਿਨ ਪ੍ਰਤੀ ਦਿਨ ਦੀਆਂ ਘਟਨਾਵਾਂ ਅਤੇ ਗਤੀਵਿਧੀਆਂ ਦੇ ਸਬੰਧ ਵਿੱਚ, ਨਿਆਂਸੰਗਤ ਜੋਖਮਾਂ, ਜੋ ਤੁਸੀਂ ਉਠਾਉਣਾ ਚਾਹੁੰਦੇ ਹੋ ਅਤੇ ਕਰਮਚਾਰੀਆਂ ਅਤੇ ਸਹਾਇਕ ਸੇਵਾ ਦਾ ਉਪਯੋਗ ਕਰਨ ਵਾਲੇ ਹੋਰ ਲੋਕਾਂ ਦੀ ਸੁਰੱਖਿਆ ਅਤੇ ਕਲਿਆਣ ਦੇ ਵਿੱਚ ਤੁਹਾਨੂੰ ਇੱਕ ਨਿਆਂ-ਪੂਰਨ ਸੰਤੁਲਨ ਉਪਲਬਧ ਕਰਾਇਆ ਜਾਂਦਾ ਹੈ।

2 ਤੁਸੀਂ ਆਪਣੇ ਖੁਦ ਦੇ ਜੋਖਮ ਮੁਲਾਂਕਣ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ, ਅਤੇ ਤੁਸੀਂ ਅਜਿਹੇ ਹੋਰ ਲੋਕ ਵੀ ਹੋ ਸਕਦੇ ਹੋ ਜਿਨ੍ਹਾਂ ਨੂੰ ਤੁਸੀਂ ਸ਼ਾਮਲ ਕਰਨਾ ਚਾਹੁੰਦੇ ਹੋ ਜਿਵੇਂ ਕਿ ਦੇਖਭਾਲਕਰਤਾ, ਪਰਿਵਾਰ ਦਾ ਕੋਈ ਸਦੱਸ ਜਾਂ ਸੁਤੰਤਰ ਨੁਮਾਇੰਦਾ। ਤੁਸੀਂ ਆਪਣੇ ਜੋਖਮ ਮੁਲਾਂਕਣ ਰਿਪੋਰਟ ਦੀ ਇੱਕ ਨਕਲ ਪ੍ਰਾਪਤ ਕਰੋਗੇ।

3 ਤੁਸੀਂ ਕਰਮਚਾਰੀਆਂ ਦੇ ਨਾਲ ਜੋਖਮਾਂ ਤੇ ਚਰਚਾ ਕਰ ਸਕਦੇ ਹੋ। ਤੁਸੀਂ ਸਹਾਇਕ ਸੇਵਾ ਨੂੰ ਸੁਰੱਖਿਅਤ ਤੌਰ ਤੇ ਉਪਯੋਗ ਕਰਨ ਨਾਲ ਸਬੰਧਤ ਮਾਰਗ-ਦਰਸ਼ਨ ਅਤੇ ਸਹਾਇਤਾ ਪ੍ਰਾਪਤ ਕਰਦੇ ਹੋ ਜਿਵੇਂ ਖਾਨਾ ਪਕਾਉਣ ਸਮੇਂ ਜਾਂ ਬਾਗ ਵਿੱਚ ਕੰਮ ਆਉਣ ਵਾਲੇ ਉਪਕਰਨਾਂ ਦਾ ਉਪਯੋਗ ਕਰਨਾ।

4 ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਕਿਸੇ ਦੁਰਘਟਨਾ ਜਾਂ ਘਟਨਾ ਦੇ ਰਿਕਾਰਡ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦੀ ਛਾਣਬੀਣ ਕੀਤੀ ਜਾਂਦੀ ਹੈ ਜਿਸ ਵਿੱਚ ਪ੍ਰਤੀਬੰਧ ਦੀਆਂ ਘਟਨਾਵਾਂ ਸ਼ਾਮਲ ਹਨ, ਅਤੇ ਜੇ ਤੁਸੀਂ ਚਾਹੁੰਦੇ ਹੋ ਤਾਂ ਰਿਸ਼ਤੇਦਾਰਾਂ ਦੇਖਭਾਲਕਰਤਾਵਾਂ ਜਾਂ ਹੋਰ ਨੁਮਾਇੰਦਿਆਂ ਨੂੰ ਦੱਸਣਾ ਸ਼ਾਮਲ ਹੈ।

5 ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਸਹਾਇਕ ਸੇਵਾ ਧਮਕਾਉਣ, ਸ਼ੋਸ਼ਣ ਅਤੇ ਕਿਸੇ ਹੋਰ ਤਰ੍ਹਾਂ ਦੇ ਸ਼ੋਸ਼ਣ ਤੋਂ ਰਹਿਤ ਹੈ।

6 ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਤੁਹਾਡੀ ਅਤੇ ਹੋਰ ਲੋਕਾਂ ਦੀ ਸੁਰੱਖਿਆ ਲਈ ਪ੍ਰਤੀਬੰਧ ਨਹੀਂ ਲਗਾਏ ਜਾਣਗੇ ਜਦੋਂ ਤਕ ਅਜਿਹਾ ਕਰਨਾ ਕਨੂੰਨ ਦੁਆਰਾ ਅਨੁਮਤ ਨਾ ਹੋਵੇ ਅਤੇ ਪ੍ਰਤੀਬੰਧ ਦਾ ਉਪਯੋਗ ਸਿਰਫ ਤਾਂ ਹੀ ਕੀਤਾ ਜਾਵੇਗਾ ਜਦੋਂ ਹੋਰ ਦਖਲ ਅਸਫਲ ਹੋ ਗਏ ਹੋਣ (ਜੱਦ ਤਕ ਕਿ ਅਜਿਹਾ ਕਰਨਾ ਕਨੂੰਨੀ ਤੌਰ ਤੇ ਲੋੜੀਂਦਾ ਨਾ ਹੋਵੇ)।

7 ਜੇ ਤੁਹਾਡੇ ਵਿਵਹਾਰ ਨਾਲ ਸਹਾਇਕ ਸੇਵਾ ਤੋਂ ਤੁਹਾਨੂੰ ਫਾਇਦਾ ਮਿਲਣਾ ਮੁਸ਼ਕਲ ਹੋ ਜਾਂਦਾ ਹੈ, ਤਾਂ ਅਜਿਹਾ ਸਮਝਣ ਲਈ ਮਾਹਰ ਸਹਾਇਤਾ ਉਪਲਬਧ ਹੋਵੇਗੀ, ਜੇ ਸੰਭਵ ਹੋਵੇ, ਤਾਂ ਤੁਹਾਡੇ ਵਿਵਹਾਰ ਵਿੱਚ ਤਬਦੀਲੀ ਕਰਨ ਵਿੱਚ ਸਹਾਇਤਾ ਲਈ ਅਜਿਹਾ ਕੀਤਾ ਜਾਵੇਗਾ।

## ਆਪਣੇ ਅਧਿਕਾਰਾਂ ਦੀ ਵਰਤੋਂ ਕਰਨਾ

### ਮਾਨਕ 11

**ਤੁਸੀਂ ਇੱਕ ਵਿਅਕਤੀ ਦੇ ਰੂਪ ਵਿੱਚ ਆਪਣੇ ਅਧਿਕਾਰਾਂ ਨੂੰ ਧਾਰਨ ਕਰਦੇ ਹੋ।**

1 ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਹਮੇਸ਼ਾ ਤੁਹਾਡੇ ਪਸੰਦੀਦਾ ਨਾਂ ਜਾਂ ਉਪਨਾਂ ਆਦਿ ਤੋਂ ਬੁਲਾਇਆ ਜਾਵੇਗਾ, ਤੁਹਾਡੇ ਨਾਲ ਨਮਰਤਾਪੂਰਕ ਵਿਹਾਰ ਕੀਤਾ ਜਾਵੇਗਾ ਅਤੇ ਹਮੇਸ਼ਾ ਤੁਹਾਡੀ ਸ਼ਖਸੀਅਤ ਦਾ ਸਤਿਕਾਰ ਕੀਤਾ ਜਾਵੇਗਾ।

2 ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ ਤਾਂ ਤੁਹਾਡੀ ਬੇਨਤੀ ਤੇ ਜਿੰਨੀ ਛੇਤੀ ਹੋ ਸਕੇਗਾ ਉਨੀ ਛੇਤੀ ਕਾਰਵਾਈ ਕੀਤੀ ਜਾਵੇਗੀ।

3 ਤੁਸੀਂ ਖੁਦ ਇਸ ਗੱਲ ਨੂੰ ਦੇਖ ਸਕਦੇ ਹੋ ਕਿ ਰਿਕਾਰਡਾਂ ਨੂੰ ਗੁੱਪਤ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਤਕ ਸਿਰਫ ਨਿਯੰਤ੍ਰਿਤ ਸਥਿਤੀਆਂ ਵਿੱਚ ਹੀ ਪਹੁੰਚਿਆ ਜਾ ਸਕਦਾ ਹੈ।

4 ਤੁਹਾਨੂੰ ਇਹ ਦੱਸਿਆ ਜਾਵੇਗਾ ਕਿ ਕਿਸੇ ਜਾਣਕਾਰੀ ਨੂੰ ਗੁੱਪਤ ਕਿਉਂ ਨਹੀਂ ਰੱਖਿਆ ਜਾ ਸਕਦਾ ਹੈ ਅਤੇ ਕਿਸ ਦੇ ਕੋਲ ਇਸ ਨੂੰ ਦੇਖਣ ਦਾ ਅਧਿਕਾਰ ਹੈ।

5 ਤੁਸੀਂ ਨਿਸ਼ਚਿੰਤ ਰਹਿ ਸਕਦੇ ਹੋ ਕਿ ਤੁਹਾਡੇ ਰਿਕਾਰਡਾਂ ਦੀ ਗੁੱਪਤਤਾ ਨੂੰ ਬਣਾਏ ਰੱਖਿਆ ਜਾਂਦਾ ਹੈ।

6 ਤੁਹਾਡੇ ਕੋਲ ਪ੍ਰਦਾਤਾ ਦੀ ਫਾਇਲ ਵਿੱਚ ਤੁਹਾਡੇ ਬਾਰੇ ਰੱਖੀ ਗਈ ਕਿਸੇ ਜਾਣਕਾਰੀ ਦੀ ਨਕਲ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹੈ, ਬਸ਼ਰਤੇ ਕਿ ਇਸ ਨਾਲ ਤੀਜੇ ਪੱਖ ਜਾਂ ਨਿਯਾਮਕ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਨਹੀਂ ਹੁੰਦੀ ਹੈ।

7 ਸਹਾਇਕ ਸੇਵਾ ਦੇ ਅਧੀਨ ਤੁਹਾਨੂੰ ਆਪਣੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਨੂੰ ਉਸ ਭਾਸ਼ਾ ਵਿੱਚ ਸਮਝਾਇਆ ਜਾਵੇਗਾ ਜਿਸ ਨੂੰ ਤੁਸੀਂ ਸਮਝਦੇ ਹੋ।

## ਆਪਣੇ ਵਿਚਾਰਾਂ ਨੂੰ ਵਿਅਕਤ ਕਰਨਾ

### ਮਾਨਕ 12

**ਤੁਹਾਨੂੰ ਘਰੇਲੂ ਸਮਰਥਨ ਸੇਵਾ ਦੇ ਕੋਈ ਵੀ ਪੈਹਲੂਆਂ ਤੇ ਆਪਣੇ ਵਿਚਾਰਾਂ ਨੂੰ ਵਿਅਕਤ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਤੁਹਾਡੀ ਮਦਦ ਕੀਤੀ ਜਾਂਦੀ ਹੈ।**

1 ਜੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਤਾਂ ਤੁਸੀਂ ਆਪਣੇ ਨਾਮਤ ਕਾਮਗਾਰ ਦੇ ਨਾਲ ਜਾਂ ਸਹਾਇਤਾ ਸੇਵਾ ਪ੍ਰਬੰਧਨ ਦੇ ਕਿਸੇ ਸਦੱਸ ਦੇ ਨਾਲ ਉਨ੍ਹਾਂ ਤੇ ਸੁਤੰਤਰ ਤੌਰ ਤੇ ਚਰਚਾ ਕਰ ਸਕਦੇ ਹੋ।

2 ਤੁਸੀਂ ਜਾਣਦੇ ਹੋ ਕਿ ਸੇਵਾ ਬਾਰੇ ਘਰੇਲੂ ਸਮਰਥਨ ਪ੍ਰਦਾਤਾ ਨੂੰ ਕੋਈ ਸ਼ਿਕਾਇਤ ਜਾਂ ਟਿੱਪਣੀ ਕਿਵੇਂ ਕਰਨੀ ਹੈ। ਤੁਸੀਂ ਕੇਅਰ ਕਮਿਸ਼ਨ ਨੂੰ ਸਿੱਧਾ ਰਸਮੀ ਸ਼ਿਕਾਇਤਾਂ ਕਰਨ ਲਈ ਪਰਕਿਰਿਆ ਬਾਰੇ ਵੀ ਜਾਣਦੇ ਹੋ।

3 ਤੁਹਾਨੂੰ ਵਿਸ਼ਵਾਸ ਦਵਾਇਆ ਜਾ ਸਕਦਾ ਹੈ ਕਿ ਸਹਾਇਕ ਸੇਵਾ ਦਾ ਪ੍ਰਦਾਤਾ ਤੇਜੀ ਅਤੇ ਹਮਦਰਦੀ ਦੇ ਨਾਲ ਚਿੰਤਾਵਾਂ ਅਤੇ ਸ਼ਿਕਾਇਤਾਂ ਨਾਲ ਵਿਹਾਰ ਕਰਦਾ ਹੈ, ਅਤੇ ਇਸ ਬਾਰੇ ਪੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ ਕਿ ਸ਼ਿਕਾਇਤ ਦੇ ਸਿੱਟੇ ਵਜੋਂ ਕੀ ਹੋਵੇਗਾ।

4 ਜੇ ਤੁਹਾਡਾ ਕੋਈ ਸੁਤੰਤਰ ਨੁਮਾਇੰਦਾ ਹੈ ਤਾਂ ਸਟਾਫ ਉਸ ਦੀ ਗੱਲ ਨੂੰ ਸੁਣੇਗਾ ਜੋ ਕਿ ਉਸ ਨੂੰ ਤੁਹਾਡੇ ਵਲੋਂ ਕਹਿਣ ਦੀ ਲੋੜ ਹੋਵੇਗੀ, ਜਿਵੇਂ ਕਿ ਤੁਸੀਂ ਆਪਣੇ ਵਿਚਾਰਾਂ ਨੂੰ ਵਿਅਕਤ ਕਰ ਰਹੇ ਸੀ।

5 ਜੇ ਤੁਸੀਂ ਸਮਰਥਨ ਸਮੂਹ (ਐਡਵੋਕੇਸੀ ਗਰੁੱਪ) ਨਾਲ ਜੁੜੇ ਹੋ, ਤਾਂ ਕਰਮਚਾਰੀਆਂ ਦੁਆਰਾ ਉਨ੍ਹਾਂ ਸੁਝਾਆਂ ਜਾਂ ਪ੍ਰਸਤਾਵਾਂ ਤੇ ਗੰਭੀਰਤਾਪੂਰਕ ਕਾਰਜ ਕੀਤਾ ਜਾਵੇਗਾ ਜੋ ਸਮੂਹ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ।

6 ਤੁਸੀਂ ਆਪਣੀ ਸਹਾਇਕ ਸੇਵਾ ਦੀ ਕੇਅਰ ਕਮਿਸ਼ਨ ਦੀ ਜਾਂਚ ਵਿੱਚ ਇੱਕ ਭੂਮਿਕਾ ਨਿਭਾ ਸਕਦੇ ਹੋ। ਸਹਾਇਕ ਸੇਵਾ ਪ੍ਰਦਾਤਾ ਦੁਆਰਾ, ਸਹਾਇਕ ਸੇਵਾ ਦੇ ਨਿਰੀਖਣ ਨਾਲ ਸਬੰਧਤ ਹਰ ਨਿਰੀਖਣ ਰਿਪੋਰਟ ਦੀ ਨਕਲ ਨੂੰ ਉਪਲਬਧ ਕਰਾਇਆ ਜਾਵੇਗਾ ਤਾਂ ਕਿ ਤੁਸੀਂ ਜਾਂ ਤੁਹਾਡੇ ਨੁਮਾਇੰਦੇ ਦੁਆਰਾ ਇਸ ਨੂੰ ਦੇਖਿਆ ਜਾ ਸਕੇ।

7 ਜੇ ਕਿਸੇ ਹੋਰ ਵਿਅਕਤੀ, ਜਿਨ੍ਹਾਂ ਵਿੱਚ ਕਰਮਚਾਰੀ ਜਾਂ ਸਵੈਸੇਵਕ ਸ਼ਾਮਲ ਹਨ, ਦੇ ਨਾਲ ਕੋਈ ਵਿਰੋਧ ਹੁੰਦਾ ਹੈ ਤਾਂ ਤੁਹਾਡੀ ਸਹਾਇਤਾ ਅਤੇ ਤੁਹਾਡੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ।

8 ਸਹਾਇਕ ਸੇਵਾ ਨੂੰ ਕਿਸ ਤਰ੍ਹਾਂ ਪ੍ਰਚਾਲਿਤ ਕੀਤਾ ਜਾਂਦਾ ਹੈ ਅਤੇ ਇਸ ਨੂੰ ਕਿਸ ਤਰ੍ਹਾਂ ਤਬਦੀਲ ਕੀਤਾ ਜਾਂ ਸੁਧਾਰਿਆ ਜਾ ਸਕਦਾ ਹੈ, ਇਸ ਨਾਲ ਸਬੰਧਤ ਬੈਠਕਾਂ ਵਿੱਚ ਤੁਹਾਨੂੰ ਭਾਗ ਲੈਣ ਦਾ ਅਵਸਰ ਪ੍ਰਦਾਨ ਕੀਤਾ ਜਾਂਦਾ ਹੈ

# 13-16

ਦੈਨਿਕ ਜੀਵਨ


13 ਜੀਵਨਸ਼ੈਲੀ – ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਅਤੇ ਮਾਨਤਾਵਾਂ

14 ਦੈਨਿਕ ਜੀਵਨ

15 ਸੁਅਸਥ ਖਾਣ-ਪੀਣ – ਜਿੱਥੇ ਸਹਾਇਕ ਸੇਵਾਵਾਂ ਭੋਜਨ ਉਪਲਬਧ ਕਰਾਉਂਦੀਆਂ ਹਨ

16 ਸੁਅਸਥ ਬਣੇ ਰਹਿਣਾ


ਰਾਸ਼ਟਰੀ **ਦੇਖਭਾਲ** ਮਾਨਕ

ਸਹਾਇਕ ਸੇਵਾਵਾਂ

# ਦੈਨਿਕ ਜੀਵਨ

ਇਸ ਖੰਡ ਵਿੱਚ ਦਿੱਤੇ ਗਏ ਮਾਨਕ ਇਸ ਗੱਲ ਤੇ ਧਿਆਨ ਕੇਂਦ੍ਰਿਤ ਕਰਦੇ ਹਨ ਕਿ ਕਿਸ ਤਰ੍ਹਾਂ ਸਹਾਇਕ ਸੇਵਾ ਦੁਆਰਾ ਤੁਹਾਡੇ ਆਮ ਸੁਆਸਥ ਅਤੇ ਕਲਿਆਣ ਨੂੰ ਵਧਾਵਾ ਦਿੱਤਾ ਜਾਂਦਾ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਸਾਧਨ ਹੈ ਕਿ ਤੁਹਾਡੇ ਜੀਵਨ ਦੀ ਗੁਣਵੱਤਾ ਨੂੰ ਬਣਾਏ ਰੱਖਿਆ ਜਾਂਦਾ ਹੈ ਜਾਂ ਉਸ ਵਿੱਚ ਸੁਧਾਰ ਕੀਤਾ ਜਾਂਦਾ ਹੈ ਅਤੇ ਤੁਸੀਂ ਆਪਣੇ ਆਲੇ-ਦੁਆਲੇ ਜਾਰੀ ਗਤੀਵਿਧੀਆਂ ਵਿੱਚ ਖੁਦ ਦਾ ਹਿੱਸਾ ਮਹਿਸੂਸ ਕਰਦੇ ਹੋ।

### ਜੀਵਨਸ਼ੈਲੀ - ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਅਤੇ ਮਾਨਤਾਵਾਂ

ਇਸ ਖੰਡ ਵਿੱਚ ਦਿੱਤੇ ਗਏ ਮਾਨਕ ਇਹ ਸਪਸ਼ਟ ਕਰਦੇ ਹਨ ਕਿ ਤੁਹਾਡੇ ਦੁਆਰਾ ਸਹਾਇਕ ਸੇਵਾ ਦਾ ਉਪਯੋਗ ਕਰਨ ਦੇ ਦੌਰਾਨ ਆਪਣੇ ਖੁਦ ਦੇ ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾਵਾਂ ਦੇ ਮੁਤਾਬਕ ਆਪਣੇ ਜੀਵਨ ਨੂੰ ਜੀ ਸਕਦੇ ਹੋ।

### ਦੈਨਿਕ ਜੀਵਨ

ਜਦੋਂ ਤੁਸੀਂ ਸਹਾਇਕ ਸੇਵਾ ਦਾ ਉਪਯੋਗ ਕਰਦੇ ਹੋ, ਤਾਂ ਤੁਹਾਨੂੰ ਖਾਸ ਲੋੜਾਂ ਵਾਲੀ ਇੱਕ ਖਾਸ ਸ਼ਖਸੀਅਤ ਦੇ ਰੂਪ ਵਿੱਚ ਖੁਦ ਦੇ ਨਾਲ ਵਿਹਾਰ ਕੀਤੇ ਜਾਣ ਅਤੇ ਅਢੁੱਖਵੇਂ ਸਮਾਜਕ ਧਿਆਨ ਜਾਂ ਦਖਲ ਤੋਂ ਦੂਰ ਰਹਿਣ ਦਾ ਅਧਿਕਾਰ ਹੈ।

### ਚੰਗਾ ਖਾਉਣਾ ਅਤੇ ਸਿਹਤਮੰਦ ਰਹਿਣਾ

ਤੁਹਾਡੇ ਸੁਆਸਥ ਅਤੇ ਕਲਿਆਣ ਲਈ ਪੋਸ਼ਟਕਤਾ ਮਹੱਤਵਪੂਰਨ ਹੈ। ਜੇ ਸਹਾਇਕ ਸੇਵਾ ਦੁਆਰਾ ਭੋਜਨ ਉਪਲਬਧ ਕਰਾਇਆ ਜਾਂਦਾ ਹੈ, ਤਾਂ ਤੁਹਾਨੂੰ ਇੱਕ ਬੇਹਤਰ ਅਤੇ ਭਿੰਨਤਾਪੂਰਕ ਭੋਜਨ ਉਪਲਬਧ ਕਰਾਇਆ ਜਾਣਾ ਚਾਹੀਦਾ ਹੈ। ਤੁਹਾਡੇ ਕੋਲ ਭੋਜਨ ਦੇ ਸਬੰਧ ਵਿੱਚ ਵਿਕਲਪ ਹੋਣੇ ਚਾਹੀਦੇ ਹਨ ਅਤੇ ਤੁਹਾਡੀਆਂ ਖਾਸ ਲੋੜਾਂ ਦੀ ਪੂਰਤੀ ਕੀਤੀ ਜਾਣੀ ਚਾਹੀਦੀ ਹੈ। ਭੋਜਨ ਨੂੰ ਕਿਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ ਅਤੇ ਪਰੋਸਿਆ ਜਾਂਦਾ ਹੈ ਅਤੇ ਤੁਸੀਂ ਇਸ ਨੂੰ ਕਿੱਥੇ ਖਾਉਣਾ ਚਾਹੁੰਦੇ ਹੋ, ਇਹ ਸਾਰੀਆਂ ਗੱਲਾਂ ਭੋਜਨ ਦਾ ਆਨੰਦ ਲੈਣ ਲਈ ਮਾਇਨੇ ਰੱਖਦੀਆਂ ਹਨ।

ਕਰਮਚਾਰੀਆਂ ਨੂੰ ਤੁਹਾਡੀਆਂ ਸੁਆਸਥ ਦੇਖਭਾਲ ਸਬੰਧੀ ਲੋੜਾਂ ਬਾਰੇ ਕਾਫੀ ਜਾਣਕਾਰੀ ਹੋਵੇਗੀ ਤਾਂ ਕਿ ਉਹ ਤੁਹਾਨੂੰ ਅਜਿਹੀ ਕਿਸੇ ਸਹਾਇਤਾ ਨੂੰ ਉਪਲਬਧ ਕਰਾ ਸਕਣ ਜਦੋਂ ਤੁਹਾਨੂੰ ਇਸ ਦੀ ਲੋੜ ਹੈ ਜਦੋਂ ਤੁਸੀਂ ਸਹਾਇਕ ਸੇਵਾ ਦਾ ਉਪਯੋਗ ਕਰ ਰਹੇ ਹੋ।

## ਜੀਵਨਸ਼ੈਲੀ - ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਜਾਂ ਮਾਨਤਾ

### ਮਾਨਕ 13

**ਤੁਹਾਡੇ ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਵਿਸ਼ਵਾਸ ਅਤੇ ਮਾਨਤਾ ਦਾ ਸਤਿਕਾਰ ਕੀਤਾ ਜਾਂਦਾ ਹੈ। ਤੁਸੀਂ ਇਨ੍ਹਾਂ ਮਾਨਤਾਵਾਂ ਨੂੰ ਬਣਾਏ ਰੱਖਦੇ ਹੋਏ ਆਪਣਾ ਜੀਵਨ ਯਾਪਨ ਕਰ ਸਕਦੇ ਹੋ।**

1. ਤੁਸੀਂ ਇਸ ਗੱਲ ਲਈ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਨੂੰ ਤੁਹਾਡੇ ਅਤੇ ਸਹਾਇਕ ਸੇਵਾ ਦਾ ਉਪਯੋਗ ਕਰਨ ਵਾਲੇ ਹੋਰ ਲੋਕਾਂ ਦੇ ਸਮਾਜਕ, ਸੱਭਿਆਚਾਰਕ ਅਤੇ ਧਾਰਮਕ ਮਾਨਤਾ ਅਤੇ ਵਿਸ਼ਵਾਸ ਦੇ ਬਾਰੇ ਕਰਮਚਾਰੀਆਂ ਨੂੰ ਉੱਚਿਤ ਤੌਰ ਤੇ ਸੂਚਿਤ ਕੀਤਾ ਜਾਂਦਾ ਹੈ।

2. ਤੁਹਾਨੂੰ ਆਪਣੀਆਂ ਮਾਨਤਾਵਾਂ ਦੀ ਪਾਲਣਾ ਕਰਨ ਲਈ ਅਵਸਰ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਵਿੱਚ ਤੁਹਾਡੇ ਵਾਂਗ ਦੇ ਮਾਨਤਾ ਜਾਂ ਵਿਸ਼ਵਾਸ ਰੱਖਣ ਵਾਲੇ ਸਮੁਦਾਏ ਦੇ ਨਾਲ ਤੁਹਾਡਾ ਸੰਪਰਕ ਬਣਾਏ ਰੱਖਣਾ ਸ਼ਾਮਲ ਹੈ।

3. ਸਮਾਜਕ ਸੇਵਾ ਦੁਆਰਾ ਪ੍ਰਦਾਨ ਕੀਤੇ ਸਮਾਜਕ ਕਾਰਜਕ੍ਰਮਾਂ, ਮਨੋਰੰਜਨ ਅਤੇ ਗਤੀਵਿਧੀਆਂ ਦੀ ਵਿਵਸਥਾ ਕੀਤੀ ਜਾਵੇਗੀ ਤਾਂ ਕਿ ਤੁਸੀਂ ਜੇ ਚਾਹੁੰਦੇ ਹੋ ਤਾਂ ਇਸ ਵਿੱਚ ਭਾਗ ਲੈ ਸਕੋ।

4. ਤੁਹਾਡੀ ਸੈਕਸੁਐਲਿਟੀ ਨੂੰ ਸਵੀਕਾਰ ਕੀਤਾ ਜਾਂਦਾ ਹੈ ਅਤੇ ਤੁਹਾਡੀ ਵਾਜਬ ਯੌਨ ਸਬੰਧੀ ਲੋੜਾਂ ਅਤੇ ਪਸੰਦ ਨੂੰ ਤੁਹਾਡੇ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ।

# ਦੈਨਿਕ ਜੀਵਨ

## ਮਾਨਕ 14

**ਤੁਹਾਡੇ ਕੋਲ ਸਹਾਇਕ ਸੇਵਾ ਦਾ ਉਪਯੋਗ ਕਰਨ ਦੇ ਦੌਰਾਨ ਆਪਣੀ ਨਿਜਤਾ ਦਾ ਅਧਿਕਾਰ ਹੈ, ਅਤੇ ਤੁਸੀਂ ਇਸ ਬਾਰੇ ਆਪਣੀ ਪਸੰਦ ਵਿਅਕਤ ਕਰ ਸਕਦੇ ਹੋ ਕਿ ਤੁਸੀਂ ਕਿੰਨੀ ਵਿਅਕਤੀਗਤ ਜਾਣਕਾਰੀ ਨੂੰ ਸਾਂਝਾ ਕਰਨਾ ਚਾਹੁੰਦੇ ਹੋ ਅਤੇ ਇਸ ਬਾਰੇ ਵਿਕਲਪ ਚੁਣ ਸਕਦੇ ਹੋ ਕਿ ਤੁਸੀਂ ਆਪਣਾ ਸਮਾਂ ਕਿਸ ਤਰ੍ਹਾਂ ਬਿਤਾਉਂਦੇ ਹੋ।**

1. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀ ਤੁਹਾਡੇ ਨਿਜਤਾ ਅਤੇ ਸਤਿਕਾਰ ਦੇ ਅਧਿਕਾਰ ਦੀ ਰੱਖਿਆ ਕਰਦੇ ਹਨ, ਜਦੋਂ ਉਹ ਤੁਹਾਡੀਆਂ ਸਾਰੀਆਂ ਨਿਜੀ ਗਤੀਵਿਧੀਆਂ ਦੇ ਸਬੰਧ ਵਿੱਚ ਸਹਾਇਤਾ ਕਰਦੇ ਹਨ।
2. ਤੁਹਾਡੀ ਆਪਣੀ ਨਿਜੀ ਸਰੀਰਕ ਦੇਖਭਾਲ ਅਤੇ ਉਪਚਾਰ ਸੰਵੇਦਨਸ਼ੀਲਤਾ ਬਾਰੇ ਗੁੱਪਤ ਤੌਰ ਤੇ ਤੁਹਾਡੀ ਸਹਾਇਤਾ ਕੀਤੀ ਜਾਵੇਗੀ ਅਤੇ ਇਹ ਸਹਾਇਤਾ ਇਸ ਤਰ੍ਹਾਂ ਕੀਤੀ ਜਾਵੇਗੀ ਜਿਸ ਨਾਲ ਤੁਹਾਡੇ ਸਤਿਕਾਰ ਦੀ ਰੱਖਿਆ ਹੁੰਦੀ ਹੈ।
3. ਜੇ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਆਪਣੀਆਂ ਲੋੜਾਂ ਦੇ ਬਾਰੇ ਸਦੱਸ ਜਾਂ ਕਰਮਚਾਰੀ ਦੇ ਨਾਲ ਗੁੱਪਤ ਤੌਰ ਤੇ ਅਤੇ ਨਿਜਤਾਪੂਰਕ ਚਰਚਾ ਕਰ ਸਕਦੇ ਹੋ।
4. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਤੁਹਾਡੀ ਵਿਅਕਤੀਗਤ ਜਾਣਕਾਰੀ ਨੂੰ ਨੋਟਿਸ ਬੋਰਡ ਤੇ ਨਹੀਂ ਲਗਾਇਆ ਜਾਵੇਗਾ।
5. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਤੁਹਾਡੇ ਬਾਰੇ ਸਮਾਜਕ ਤੌਰ ਤੇ ਗੱਲ ਨਹੀਂ ਕੀਤੀ ਜਾਵੇਗੀ ਜਦੋਂ ਤਕ ਕਿ ਤੁਸੀਂ ਇਸ ਲਈ ਪਹਿਲਾਂ ਤੋਂ ਹੀ ਰਾਜ਼ੀ ਨਹੀਂ ਹੋਏ ਹੋ।
6. ਤੁਸੀਂ ਇਸ ਗੱਲ ਨੂੰ ਚੁਣ ਸਕਦੇ ਹੋ ਕਿ ਤੁਸੀਂ ਕਿਹੜੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ ਅਤੇ ਉਨ੍ਹਾਂ ਵਿੱਚ ਭਾਗ ਲੈਣ ਲਈ ਤੁਹਾਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।
7. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਸਥਾਨਕ ਸਮੁਦਾਏ ਦੀਆਂ ਗਤੀਵਿਧੀਆਂ ਵਿੱਚ ਤੁਹਾਡੇ ਦੁਆਰਾ ਤੁਹਾਡੀ ਭਾਗੀਦਾਰੀ ਨੂੰ ਸਮੁਦਾਏ ਦੇ ਸਦੱਸ ਦੇ ਰੂਪ ਵਿੱਚ, ਨਾ ਕਿ 'ਸੇਵਾ ਉਪਯੋਗਕਰਤਾ' ਦੇ ਰੂਪ ਵਿੱਚ ਭਾਗੀਦਾਰੀ ਵਿੱਚ ਸਹਾਇਤਾ ਕੀਤੀ ਜਾਵੇਗੀ।
8. ਸਹਾਇਕ ਸੇਵਾਵਾਂ ਵਿੱਚ ਤੁਹਾਡੀਆਂ ਵਿਵਸਥਿਤ ਮੁਲਾਕਾਤਾਂ ਦੇ ਬਾਰੇ ਤੁਹਾਡੇ ਨਾਲ ਪੇਸ਼ੇਵਰਾਂ ਜਾਂ ਜਨਤਾ ਵਿੱਚੋਂ ਕਿਸੇ ਸਦੱਸ ਦੁਆਰਾ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ।
9. ਜੇ ਸਹਾਇਕ ਸੇਵਾਵਾਂ ਦਾ ਉਪਯੋਗ ਕਰਨ ਵਾਲੇ ਹੋਰ ਲੋਕਾਂ ਦੇ ਨਾਲ ਤੁਸੀਂ ਸਫਰ ਤੇ ਜਾ ਰਹੇ ਹੋ ਤਾਂ ਤੁਹਾਡੇ ਨਾਲ ਸਮੂਹ ਵਿੱਚ ਸਫਰ ਕਰਨ ਦੇ ਬਾਰੇ ਸਲਾਹ ਮਸ਼ਵਰਾ ਕੀਤਾ ਜਾਵੇਗਾ ਤਾਂ ਕਿ ਤੁਸੀਂ ਸਮੂਹ ਵਿੱਚ ਹੋਣ ਦੇ ਕਾਰਨ ਆਪਣੇ ਆਪ ਨੂੰ ਅਪਰਿਚਿਤ ਮਹਿਸੂਸ ਨਾ ਕਰੋ।
10. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀ ਜੋ ਤੁਹਾਡੇ ਨਾਲ ਕਾਰਜਕ੍ਰਮਾਂ, ਮੁਲਾਕਾਤਾਂ ਆਦਿ ਤੇ ਜਾਂਦੇ ਹਨ ਤਾਂ ਉਹ ਵਰਦੀ ਨਹੀਂ ਪਾਉਂਦੇ ਹਨ ਜਾਂ ਤੁਹਾਡੇ ਤੋਂ ਅਲੱਗ ਪਛਾਣ ਨਹੀਂ ਦਿਖਾਉਂਦੇ ਹਨ।
11. ਤੁਹਾਨੂੰ ਸਹਾਇਕ ਸੇਵਾ ਦੀਆਂ ਕਾਰਾਂ ਜਾਂ ਮਿਨੀ ਬੱਸਾਂ ਵਿੱਚ ਸਫਰ ਨਹੀਂ ਕਰਨਾ ਹੋਵੇਗਾ ਜੋ ਸਹਾਇਕ ਸੇਵਾ ਦਾ ਵਿਗਿਆਪਣ ਦਿੰਦੀਆਂ ਹਨ ਜਿਸ ਨਾਲ ਤੁਹਾਡੇ ਵੱਲ ਅਢੁੱਕਵਾਂ ਧਿਆਨ ਆਕਰਸ਼ਤ ਨਾ ਹੋਵੇ।

# ਚੰਗਾ ਖਾਉਣਾ - ਜਿੱਥੇ ਸਮਰਥਨ ਸੇਵਾ ਭੋਜਨ ਪ੍ਰਦਾਨ ਕਰਦੀ ਹੈ

## ਮਾਨਕ 15

**ਤੁਹਾਡਾ ਖਾਉਣਾ-ਪੀਣਾ ਭਿੰਨ-ਭਿੰਨ ਅਤੇ ਪੋਸ਼ਟਕ ਹੁੰਦਾ ਹੈ। ਉਨ੍ਹਾਂ ਨਾਲ ਤੁਹਾਡੀ ਖਾਣ-ਪੀਣ ਦੀ ਪਸੰਦ ਅਤੇ ਆਹਾਰ ਸਬੰਧੀ ਖਾਸ ਲੋੜਾਂ ਦਾ ਪਤਾ ਲੱਗਦਾ ਹੈ। ਉਨ੍ਹਾਂ ਨੂੰ ਚੰਗੀ ਤਰ੍ਹਾਂ ਤਿਆਰ ਕੀਤਾ ਅਤੇ ਪਕਾਇਆ ਜਾਂਦਾ ਹੈ ਅਤੇ ਆਕਰਸ਼ਕ ਤੌਰ ਤੇ ਪੇਸ਼ ਕੀਤਾ ਜਾਂਦਾ ਹੈ।**

1. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਖਾਣਪੀਣ ਅਤੇ ਹੋਰ ਕਰਮਚਾਰੀਆਂ ਨੂੰ ਤੁਹਾਡੀ ਖਾਣ-ਪੀਣ ਸਬੰਧੀ ਆਦਤਾਂ ਅਤੇ ਨਾਲ ਹੀ ਕਿਸੇ ਜਾਤੀ, ਸੱਭਿਆਚਾਰਕ ਜਾਂ ਤੁਹਾਡੀ ਹੋਰ ਪਸੰਦ ਦੀ ਜਾਣਕਾਰੀ ਹੈ। ਕਿਸੇ ਤਰ੍ਹਾਂ ਦੀ ਆਹਾਰ ਸਬੰਧੀ ਲੋੜ (ਉਦਾਹਰਨ ਲਈ ਜੇ ਤੁਹਾਨੂੰ ਡਾਇਬਿਟੀਜ਼ ਜਾਂ ਮਾੜੇ ਗੁਰਦੇ ਦੇ ਕਾਰਜ ਦੀ ਬਿਮਾਰੀ ਹੈ) ਤਾਂ ਉਨ੍ਹਾਂ ਨੂੰ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਦਰਜ ਕੀਤਾ ਜਾਂਦਾ ਹੈ।

2. ਤੁਹਾਨੂੰ ਅਜਿਹੀ ਖਾਣ-ਪੀਣ ਦੀ ਸੂਚੀ (ਮੈਨਿਉ) ਪ੍ਰਦਾਨ ਕੀਤੀ ਜਾਂਦੀ ਹੈ ਜਿਸ ਨਾਲ ਤੁਹਾਡੀ ਪਸੰਦ ਦਾ ਪਤਾ ਚਲਦਾ ਹੈ। ਇਸ ਮੈਨਿਉ ਵਿੱਚ ਤੁਹਾਡੀਆਂ ਟਿੱਪਣੀਆਂ ਦੇ ਮੁਤਾਬਕ ਨੇਮਤ ਤੌਰ ਤੇ ਤਬਦੀਲੀ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਹਮੇਸ਼ਾ ਹੀ ਤਾਜ਼ੇ ਫਲ ਅਤੇ ਸਬਜ਼ੀਆਂ ਸ਼ਾਮਲ ਹੋਣਗੀਆਂ।

3. ਜੇ ਲੋੜ ਹੋਵੇ ਤਾਂ ਕਰਮਚਾਰੀਆਂ ਵਲੋਂ ਸਹਾਇਤਾ ਅਤੇ ਉਤਸ਼ਾਹ ਦੇ ਨਾਲ ਤੁਸੀਂ ਖਾਣਾ-ਪੀਣਾ ਜਾਂ ਚਾਹ ਨਾਸ਼ਤੇ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰ ਸਕਦੇ ਹੋ।

4. ਤੁਸੀਂ ਜਦੋਂ ਚਾਹੋ ਚਾਹ ਨਾਸ਼ਤਾ ਅਤੇ ਗਰਮ ਅਤੇ ਠੰਡੇ ਪੇਅ ਪਦਾਰਥ ਆਦਿ ਪ੍ਰਾਪਤ ਕਰ ਸਕਦੇ ਹੋ।

5. ਤੁਸੀਂ ਚੰਗੀ ਤਰ੍ਹਾਂ ਪ੍ਰਸਤੁਤ ਭੋਜਨ ਦਾ ਆਨੰਦ ਲੈਂਦੇ ਹੋ। ਖਾਣ-ਪੀਣ ਦੇ ਸਬੰਧ ਵਿੱਚ ਬੇਹਤਰ ਭੋਜਨ ਸੁਅੱਛਤਾ ਅਭਿਆਸਾਂ ਨੂੰ ਅਪਣਾਇਆ ਜਾਂਦਾ ਹੈ।

6. ਜੇ ਤੁਹਾਨੂੰ ਭੋਜਨ ਦੇ ਸਮੇਂ ਤੇ ਕਿਸੇ ਸਹਾਇਤਾ ਦੀ ਲੋੜ ਹੈ (ਉਦਾਹਰਨ ਲਈ, ਅਨੁਕੂਲਤ ਕਟਲਰੀ ਜਾਂ ਕ੍ਰੌਕਰੀ, ਤਰਲ ਆਹਾਰ, ਜਾਂ ਕਰਮਚਾਰੀ ਸਦੱਸ ਦੁਆਰਾ ਸਹਾਇਤਾ), ਤਾਂ ਕਰਮਚਾਰੀ ਤੁਹਾਡੇ ਲਈ ਇਸ ਦੀ ਵਿਵਸਥਾ ਕਰਣਗੇ।

7. ਜੇ ਤੁਸੀਂ ਅਜਿਹਾ ਚਾਹੁੰਦੇ ਹੋ ਤਾਂ ਕਰਮਚਾਰੀਆਂ ਦੁਆਰਾ ਨੇਮਤ ਤੌਰ ਤੇ ਅਜਿਹੀ ਕਿਸੇ ਗੱਲ ਦੀ ਸਮੀਖਿਆ ਕੀਤੀ ਜਾਵੇਗੀ ਜਿਸ ਨਾਲ ਤੁਹਾਡੇ ਖਾਣ-ਪੀਣ ਦੀ ਯੋਗਤਾ ਪ੍ਰਭਾਵਿਤ ਹੁੰਦੀ ਹੈ ਜਿਸ ਨੂੰ ਤੁਹਾਡਾ ਦੰਦਾਂ ਦੇ ਨਾਲ ਜੁੜਿਆ ਸੁਆਸਥ, ਅਤੇ ਤੁਹਾਡੇ ਲਈ ਉੱਚਿਤ ਸਲਾਹ ਦੀ ਵਿਵਸਥਾ ਕੀਤੀ ਜਾਵੇਗੀ।

8. ਜੇ ਤੁਸੀਂ ਆਪਣੇ ਖਾਣ-ਪੀਣ ਦੀ ਮਾਤਰਾ ਤੇ ਖੁਦ ਨਿਯੰਤ੍ਰਣ ਨਹੀਂ ਰੱਖ ਪਾਉਂਦੇ ਹੋ ਤਾਂ ਕਰਮਚਾਰੀ ਤੁਹਾਡੇ ਲਈ ਅਜਿਹਾ ਕਰ ਸਕਦੇ ਹਨ। ਜੇ ਕੋਈ ਚਿੰਤਾਵਾਂ ਹਨ ਤਾਂ ਕਰਮਚਾਰੀਆਂ ਦੁਆਰਾ ਉਨ੍ਹਾਂ ਨੂੰ ਤੁਹਾਨੂੰ ਜਾਂ ਤੁਹਾਡੇ ਨੁਮਾਇੰਦੇ ਨੂੰ ਸਮਝਾਇਆ ਜਾਵੇਗਾ। ਤੁਹਾਡੀ ਰਜ਼ਾਮੰਦੀ ਦੇ ਨਾਲ ਕਰਮਚਾਰੀਆਂ ਦੁਆਰਾ ਕੋਈ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ, ਜਿਵੇਂ ਆਹਾਰ ਮਾਹਰ ਜਾਂ ਤੁਹਾਡੇ ਜੀਪੀ ਤੋਂ ਸਲਾਹ ਲੈਣਾ।

## ਚੰਗਾ ਰਹਿਣਾ

## ਮਾਨਕ 16

**ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀ ਤੁਹਾਡੀਆਂ ਸੁਆਸਥ ਦੇਖਭਾਲ ਲੋੜਾਂ ਨੂੰ ਸਮਝਦੇ ਹਨ ਜਿਨ੍ਹਾਂ ਨੂੰ ਤੁਹਾਡੇ ਦੁਆਰਾ ਸੇਵਾ ਦਾ ਉਪਯੋਗ ਕਰਨ ਦੇ ਦੌਰਾਨ ਪੂਰਾ ਕੀਤਾ ਜਾਣਾ ਚਾਹੀਦਾ ਹੈ। ਉਹ ਉਨ੍ਹਾਂ ਨੂੰ ਤੁਹਾਡੇ ਲਈ ਅਨੁਕੂਲ ਤੌਰ ਤੇ ਪੂਰਾ ਕਰਨ ਦਾ ਜਤਨ ਕਰਦੇ ਹਨ।**

1. ਜੇ ਤੁਸੀਂ ਅਸੁਅਸਥ ਮਹਿਸੂਸ ਕਰਦੇ ਹੋ ਤਾਂ ਤੁਹਾਨੂੰ ਕਰਮਚਾਰੀਆਂ ਤੋਂ ਸਹਾਇਤਾ ਪ੍ਰਾਪਤ ਕਰਨੀ ਚਾਹੀਦੀ ਹੈ ਜੋ ਤੁਹਾਡੀ ਇੱਛਾ ਦੇ ਮੁਤਾਬਕ ਤੁਹਾਡੇ ਚਿਕਿਤਸਕ ਜਾਂ ਹੋਰ ਸੁਆਸਥ ਦੇਖਭਾਲ ਪੇਸ਼ੇਵਰ ਨਾਲ ਸੰਪਰਕ ਕਰ ਸਕਦੇ ਹਨ।

2. ਤੁਸੀਂ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਤੁਹਾਨੂੰ ਨਿਰੋਧਕ ਸੁਆਸਥ ਦੇਖਭਾਲ ਜਿਵੇਂ ਕਿ ਸਕ੍ਰੀਨਿੰਗ, ਪ੍ਰਤੀਰੱਖਿਆ ਪ੍ਰਣਾਲੀ ਅਤੇ ਨੇਮਤ ਜਾਂਚ ਦੇ ਬਾਰੇ ਸੂਚਿਤ ਕੀਤਾ ਜਾਵੇਗਾ। ਕਰਮਚਾਰੀਆਂ ਦੁਆਰਾ ਇਨ੍ਹਾਂ ਵਿੱਚ ਭਾਗ ਲੈਣ ਲਈ ਤੁਹਾਡੀ ਸਹਾਇਤਾ ਕੀਤੀ ਜਾਂਦੀ ਹੈ।

3. ਜੇ ਤੁਹਾਨੂੰ ਦਵਾਈ ਲੈਣ ਦੀ ਲੋੜ ਹੈ, ਤਾਂ ਕਰਮਚਾਰੀਆਂ ਨੂੰ ਇਸ ਦੀ ਜਾਣਕਾਰੀ ਹੈ ਅਤੇ ਅਜਿਹੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ ਜਿਸ ਨਾਲ ਤੁਸੀਂ ਸੁਰੱਖਿਅਤ ਤੌਰ ਤੇ ਆਪਣੀ ਦਵਾਈ ਲੈ ਸਕਦੇ ਹੋ ਅਤੇ ਉਸ ਤਰੀਕੇ ਨਾਲ ਜੋ ਤੁਹਾਡੇ ਲਈ ਸਭ ਤੋਂ ਜ਼ਿਆਦਾ ਢੁੱਕਵਾਂ ਹੈ।

4. ਜੇ ਤੁਹਾਨੂੰ ਅਜਿਹਾ ਕਰਨ ਦੀ ਲੋੜ ਹੈ ਤਾਂ ਤੁਸੀਂ ਕਰਮਚਾਰੀਆਂ ਨੂੰ ਆਪਣੇ ਨੁਸਖੇ ਦਾ ਆਰਡਰ ਦੇਣ ਅਤੇ ਉਸ ਨੂੰ ਇਕੱਤਰ ਕਰਨ ਲਈ ਕਰਮਚਾਰੀਆਂ ਤੋਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

5. ਜੇ ਤੁਸੀਂ ਅਜਿਹੀਆਂ ਦਵਾਈਆਂ ਲੈਂਦੇ ਹੋ ਜਿਨ੍ਹਾਂ ਨੂੰ ਲੈਣ ਲਈ ਕਿਸੇ ਹੋਰ ਵਿਅਕਤੀ ਦੀ ਲੋੜ ਹੈ (ਉਦਾਹਰਨ ਲਈ ਇੰਜੈਕਸ਼ਨ) ਤਾਂ ਕਰਮਚਾਰੀਆਂ ਦੁਆਰਾ ਅਜਿਹਾ ਇਸ ਤਰੀਕੇ ਨਾਲ ਕੀਤਾ ਜਾਵੇਗਾ ਜਿਸ ਨਾਲ ਤੁਹਾਡੇ ਸਤਿਕਾਰ ਅਤੇ ਪ੍ਰਤਿਸ਼ਠਾ ਦੀ ਪਛਾਣ ਅਤੇ ਨਿਜਤਾ ਨੂੰ ਬਣਾਏ ਰੱਖਿਆ ਜਾਂਦਾ ਹੈ, ਜਿਵੇਂ ਕਿ ਤੁਹਾਡੀ ਵਿਅਕਤੀਗਤ ਯੋਜਨਾ ਵਿੱਚ ਤੈਅ ਕੀਤਾ ਗਿਆ ਹੈ।

6. ਜੇ ਤੁਹਾਡੇ ਆਪਣੀ ਦਵਾਈ ਦੇ ਸਬੰਧ ਵਿੱਚ ਕੋਈ ਸੁਆਲ ਹਨ ਜਿਨ੍ਹਾਂ ਦਾ ਜਵਾਬ ਕਰਮਚਾਰੀਆਂ ਦੁਆਰਾ ਨਹੀਂ ਦਿੱਤਾ ਜਾ ਸਕਦਾ ਹੈ, ਤਾਂ ਤੁਹਾਡੀ ਆਪਣੇ ਸਮੁਦਾਏ ਫਾਰਮਾਸਿਸਟ, ਜੀਪੀ ਜਾਂ ਪ੍ਰਾਥਮਿਕ ਦੇਖਭਾਲ ਟੀਮ ਦੇ ਹੋਰ ਸਦੱਸ ਤੋਂ ਸਲਾਹ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਗੇ।

# 17

## ਸਹਾਇਕ ਸੇਵਾ ਨੂੰ ਛੱਡਣਾ

17 ਸਹਾਇਕ ਸੇਵਾ ਨੂੰ ਛੱਡਣਾ

# ਸਮਰਥਨ ਸੇਵਾ ਨੂੰ ਛੱਡਣਾ

## ਮਾਨਕ 17 ਦੀ ਭੂਮਿਕਾ

ਲੋਕ ਭਿੰਨ-ਭਿੰਨ ਕਾਰਨਾਂ ਕਰਕੇ ਸਹਾਇਕ ਸੇਵਾਵਾਂ ਨੂੰ ਛੱਡਦੇ ਹਨ। ਉਹ ਸਿਧਾਂਤ ਜੋ ਤੁਹਾਡੇ ਦੁਆਰਾ ਪ੍ਰਾਪਤ ਸਹਾਇਤਾ ਜਾਂ ਦੇਖਭਾਲ ਦਾ ਅਧਾਰ ਬਣੇ ਸੀ, ਜਦੋਂ ਤੁਸੀਂ ਸਹਾਇਕ ਸੇਵਾ ਦਾ ਉਪਯੋਗ ਕਰ ਰਹੇ ਸੀ, ਉਹੀ ਸਿੱਧਾਂਤਾਂ ਦੇ ਅਧਾਰ ਤੇ ਤੁਹਾਨੂੰ ਇਸ ਸੇਵਾ ਨੂੰ ਛੱਡਣ ਵੇਲੇ ਸਹਾਇਤਾ ਕੀਤੀ ਜਾਵੇਗੀ।

ਸਹਾਇਕ ਸੇਵਾ ਨੂੰ ਛੱਡਣਾ ਇੱਕ ਸਹਾਇਕ ਅਨੁਭਵ ਹੋਣਾ ਚਾਹੀਦਾ ਹੈ। ਤੁਸੀਂ ਇਸ ਬਾਰੇ ਫੈਸਲਾ ਕਰਨ ਲਈ ਕਾਫੀ ਸਮਾਂ ਲੈਣ ਵਿੱਚ ਸਮਰੱਥ ਹੋਣੇ ਚਾਹੀਦੇ ਹੋ ਕਿ ਹੁਣ ਭਵਿੱਖ ਵਿੱਚ ਕੀ ਹੋਵੇਗਾ। ਸਹਾਇਕ ਸੇਵਾ ਕਰਮਚਾਰੀਆਂ ਦੁਆਰਾ ਇਸ ਸਮੇਂ ਤੇ ਤੁਹਾਡੀ ਸਹਾਇਤਾ ਜਰੂਰ ਕੀਤੀ ਜਾਣੀ ਚਾਹੀਦੀ ਹੈ।

## ਸਮਰਥਨ ਸੇਵਾ ਨੂੰ ਛੱਡਣਾ

### ਮਾਨਕ 17

**ਤੁਸੀਂ ਤਬਦੀਲੀ ਦੀ ਯੋਜਨਾ ਬਣਾਉਣ ਅਤੇ ਉਸ ਤੇ ਚਰਚਾ ਕਰਨ ਵਿੱਚ ਹਮੇਸ਼ਾ ਸ਼ਾਮਲ ਰਹਿੰਦੇ ਹੋ।**

1 ਜੇ ਤੁਸੀਂ ਚਾਹੁੰਦੇ ਹੋ, ਤਾਂ ਤੁਹਾਡੇ ਦੇਖਭਾਲਕਰਤਾ ਜਾਂ ਨੁਮਾਇੰਦੇ (ਜਾਂ ਦੋਹਾਂ) ਨੂੰ ਇਨ੍ਹਾਂ ਚਰਚਾਵਾਂ ਵਿੱਚ ਸ਼ਾਮਲ ਕੀਤਾ ਜਾਵੇਗਾ।

2 ਜੇ ਤੁਸੀਂ ਸਹਾਇਕ ਸੇਵਾ ਨੂੰ ਛੱਡਦੇ ਹੋ ਤਾਂ ਤੁਹਾਨੂੰ ਆਪਣੇ ਲਈ ਅਤੇ ਹੋਰਾਂ ਲਈ ਸੰਭਾਵੀ ਜੋਖਮ ਦੇ ਮੁਲਾਂਕਣ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

3 ਜੇ ਤੁਸੀਂ ਨਵੀਂ ਸਹਾਇਕ ਸੇਵਾ ਵਿੱਚ ਜਾ ਰਹੇ ਹੋ, ਤਾਂ ਤੁਹਾਡੀ ਉਨ੍ਹਾਂ ਹੋਰ ਲੋਕਾਂ ਨਾਲ ਮਿਲਣ ਵਿੱਚ ਸਹਾਇਤਾ ਕੀਤੀ ਜਾਵੇਗੀ ਜੋ ਸਹਾਇਕ ਸੇਵਾਵਾਂ ਦਾ ਉਪਯੋਗ ਕਰ ਰਹੇ ਹਨ ਅਤੇ ਨਵੇਂ ਸਹਾਇਕ ਸੇਵਾ ਕਰਮਚਾਰੀਆਂ ਨਾਲ ਪਹਿਲਾਂ ਹੀ ਮੁਲਾਕਾਤ ਕਰਵਾਈ ਜਾਵੇਗੀ।

4 ਤੁਸੀਂ ਇਸ ਗੱਲ ਨੂੰ ਲੈ ਕੇ ਯਕੀਨੀ ਹੋ ਸਕਦੇ ਹੋ ਕਿ ਕਰਮਚਾਰੀਆਂ ਦੁਆਰਾ ਇਹ ਸੁਨਿਸ਼ਚਤ ਕੀਤਾ ਜਾਂਦਾ ਹੈ ਕਿ ਤੁਹਾਨੂੰ ਆਪਣੀ ਦੋਸਤੀ ਬਣਾਏ ਰੱਖਣ ਦਾ ਅਵਸਰ ਮਿਲਦਾ ਹੈ।

5 ਜੇ ਤੁਹਾਨੂੰ ਇਸ ਕਾਰਨ ਕਰਕੇ ਸਹਾਇਕ ਸੇਵਾ ਨੂੰ ਛੱਡਣਾ ਪੈ ਰਿਹਾ ਹੈ ਕਿਉਂਕਿ ਸਹਾਇਕ ਸੇਵਾ ਦੁਆਰਾ ਹੁਣ ਤੁਹਾਡੀਆਂ ਲੋੜਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ ਹੈ ਜਾਂ ਇਸ ਨੂੰ ਬੰਦ ਕੀਤੇ ਜਾਣ ਦੀ ਲੋੜ ਹੈ, ਤਾਂ ਇਸ ਤਰ੍ਹਾਂ ਕਦਮ ਵਿੱਚ ਘੱਟੋ-ਘੱਟ ਜੋਖਮ ਅਤੇ ਰੁਕਾਵਟ ਸ਼ਾਮਲ ਹੋਵੇਗੀ।

6 ਤੁਹਾਡੇ ਰਿਕਾਰਡ ਸੰਪੂਰਨ ਅਤੇ ਅਪ ਟੂ ਡੇਟ ਹੋਣਗੇ, ਅਤੇ ਤੁਹਾਡੀ ਭਾਗੀਦਾਰੀ ਅਤੇ ਰਜ਼ਾਮੰਦੀ ਨਾਲ ਉਨ੍ਹਾਂ ਨੂੰ ਇਕੱਠਿਆਂ ਰੱਖਿਆ ਗਿਆ ਹੈ।

7 ਨਵੀਂ ਸਹਾਇਕ ਸੇਵਾ ਵਿੱਚ ਜਾਣ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਤੁਸੀਂ ਸੁਤੰਤਰ ਸਹਾਇਤਾ (ਭਾਵ ਨਾਗਰਕ ਐਡਵੋਕੇਟ) ਅਤੇ ਪਰਿਵਾਰ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

8 ਜੇ ਤੁਸੀਂ ਇੱਕ ਜਵਾਨ ਵਿਅਕਤੀ ਹੋ ਜੋ ਵਿਅਸਕ ਸਹਾਇਕ ਸੇਵਾ ਵਿੱਚ ਜਾ ਰਹੇ ਹਨ, ਤਾਂ ਤੁਹਾਡੀ ਪੁਰਾਣੀ ਸਹਾਇਕ ਸੇਵਾ ਦੇ ਕਰਮਚਾਰੀ ਇਸ ਅਵਧੀ ਦੇ ਦੌਰਾਨ ਨਵੀਂ ਸਹਾਇਕ ਸੇਵਾ ਵਿੱਚ ਸ਼ਾਮਲ ਨਾਮਤ ਕਰਮਚਾਰੀ ਦੇ ਜਰੀਏ ਤੁਹਾਡੀ ਸਹਾਇਤਾ ਕਰਣਗੇ ਅਤੇ ਉਸ ਵਿਅਕਤੀ ਨਾਲ ਨੇਮਤ ਤੌਰ ਤੇ ਸੰਪਰਕ ਬਣਾਏ ਰੱਖਣਗੇ।

9 ਜੇ ਤੁਹਾਨੂੰ ਸਹਾਇਕ ਸੇਵਾ ਨੂੰ ਛੱਡ ਕੇ ਜਾਣ ਲਈ ਕਿਹਾ ਜਾਂਦਾ ਹੈ ਕਿਉਂਕਿ ਸਹਾਇਕ ਸੇਵਾ ਦੁਆਰਾ ਤੁਹਾਡੀਆਂ ਲੋੜਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ ਹੈ ਜਾਂ ਤੁਹਾਡੇ ਵਿਵਹਾਰ ਦੇ ਕਾਰਨ ਸਹਾਇਕ ਸੇਵਾ ਲਈ ਤੁਹਾਡੀ ਸਹਾਇਤਾ ਕਰਨਾ ਅਸੰਭਵ ਹੋ ਗਿਆ ਹੈ, ਤਾਂ ਇਸ ਸਥਿਤੀ ਵਿੱਚ ਤੁਹਾਨੂੰ ਢੁੱਕਵੇਂ ਤੌਰ ਤੇ ਸਮਝਾਇਆ ਜਾਵੇਗਾ ਅਤੇ ਤੁਹਾਨੂੰ ਕਿਸੇ ਅਜਿਹੀ ਕਾਰਵਾਈ ਦੀ ਜਾਣਕਾਰੀ ਦਿੱਤੀ ਜਾਵੇਗੀ ਜਿਸ ਨੂੰ ਤੁਸੀਂ ਫੈਸਲੇ ਦੇ ਖਿਲਾਫ ਅਪੀਲ ਕਰਨ ਲਈ ਕਰ ਸਕਦੇ ਹੋ।

# ਅਨੁਲੱਗ ਏ

ਰਾਸ਼ਟਰੀ **ਦੇਖਭਾਲ** ਮਾਨਕ

ਸਹਾਇਕ ਸੇਵਾਵਾਂ

## ਅਨੁਲੱਗ ਏ:

## ਸ਼ਬਦਾਵਲੀ

### ਵਕੀਲ ਜਾਂ ਵਕਾਲਤ

ਉਹ ਸੁਤੰਤਰ ਵਿਅਕਤੀ ਜੋ ਕਿ ਸੇਵਾ ਦੇ ਕਿਸੇ ਵੀ ਪੈਹਲੂ ਜਾਂ ਸੇਵਾ ਲਈ, ਜਾਂ ਇਸ ਨੂੰ ਪ੍ਰਦਾਨ ਕਰਨ, ਭੁਗਤਾਨ ਕਰਨ ਵਿੱਚ ਸ਼ਾਮਲ ਕਿਸੇ ਵੀ ਕਨੂੰਨੀ ਏਜੰਸੀ ਤੋਂ ਸੁਤੰਤਰ ਹੁੰਦਾ ਹੈ। ਉਹ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀ ਵਲੋਂ ਜੋ ਉਸ ਵੇਲੇ ਆਪਣੇ-ਆਪ ਦੀ ਪੇਸ਼ਕਸ਼ ਕਰਨ ਵਿੱਚ ਅਯੋਗ ਮਹਿਸੂਸ ਕਰਦਾ/ਦੀ ਹੈ ਜਦੋਂ ਪੇਸ਼ੇਵਰਾਂ ਨਾਲ ਵਿਹਾਰ ਕਰ ਰਿਹਾ ਹੁੰਦਾ ਜਾਂ ਕਰ ਰਹੀ ਹੁੰਦੀ ਹੈ ਦੇ ਹਿੱਤਾਂ ਵਿੱਚ ਕਿਰਿਆ ਕਰਦੇ ਹਨ।

### ਮੁਲਾਂਕਣ

ਵਿਅਕਤੀਆਂ ਦੇ ਸੁਆਸਥ, ਵਿਅਕਤੀਗਤ ਅਤੇ ਸਮਾਜਕ ਦੇਖਭਾਲ ਦੇ ਸੰਦਰਭ ਵਿੱਚ ਉਨ੍ਹਾਂ ਦੀਆਂ ਕੀ ਲੋੜਾਂ ਹਨ, ਅਤੇ ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਕਿਹੜੀਆਂ-ਕਿਹੜੀਆਂ ਸੇਵਾਵਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ, ਇਨ੍ਹਾਂ ਗੱਲਾਂ ਦੇ ਸਬੰਧ ਵਿੱਚ ਫੈਸਲਾ ਕਰਨ ਦੀ ਪਰਕਿਰਿਆ। ਮੁਲਾਂਕਣ ਉਸ ਵਿਅਕਤੀ, ਉਸ ਦੇ ਰਿਸ਼ਤੇਦਾਰਾਂ ਜਾਂ ਨੁਮਾਇੰਦਿਆਂ, ਅਤੇ ਸਬੰਧਤ ਪੇਸ਼ੇਵਰਾਂ ਦੇ ਨਾਲ ਕੀਤਾ ਜਾਂਦਾ ਹੈ।

### ਦੇਖਭਾਲ ਕਰਨ ਵਾਲਾ ਵਿਅਕਤੀ

ਉਹ ਵਿਅਕਤੀ ਜੋ ਪਰਿਵਾਰ, ਸਾਥੀਆਂ ਜਾਂ ਦੋਸਤਾਂ ਦੀ ਦੇਖਭਾਲ ਕਰਦਾ ਹੈ ਜਿਨ੍ਹਾਂ ਨੂੰ ਮਦਦ ਦੀ ਲੋੜ ਹੁੰਦੀ ਹੈ ਕਿਉਂਕਿ ਉਹ ਬਿਮਾਰ, ਕਮਜ਼ੋਰ ਜਾਂ ਅਪਾਹਜ ਹਨ। ਉਸ ਦੇਖਭਾਲ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਜੋ ਕਿ ਉਹ ਪ੍ਰਦਾਨ ਕਰਦੇ ਹਨ।

### ਸ਼ਿਕਾਇਤਾਂ ਦੀ ਪਰਕਿਰਿਆ

ਉਹ ਸਪਸ਼ਟ ਪਰਕਿਰਿਆਵਾਂ ਜੋ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀ ਜਾਂ ਸੇਵਾ ਦੇ ਕਿਸੇ ਵੀ ਪੈਹਲੂ ਬਾਰੇ ਟਿੱਪਣੀ ਜਾਂ ਸ਼ਿਕਾਇਤ ਕਰਨ ਵਾਲੇ ਕਿਸੇ ਹੋਰ ਵਿਅਕਤੀ ਦੀ ਮਦਦ ਕਰਦੀਆਂ ਹਨ।

### ਫੋਰਮੈਟ

ਇੱਕ ਅਜਿਹੇ ਰੂਪ ਵਿੱਚ ਪ੍ਰਸਤੁਤ ਕੀਤੀ ਜਾਣਕਾਰੀ ਜੋ ਕਿ ਤੁਹਾਡੇ ਲਈ ਉੱਚਿਤ ਹੈ। ਇਹ ਟੇਪ ਤੇ ਜਾਂ ਡਿਸਕ ਤੇ ਅਸਾਨੀ ਨਾਲ ਪੜਣ ਵਾਲੀ ਭਾਸ਼ਾ, ਬ੍ਰੇਲ ਲਿੱਪੀ ਵਿੱਚ ਹੋ ਸਕਦੀ ਹੈ।

### ਵਿਅਕਤੀਗਤ ਯੋਜਨਾ

ਇਸ ਬਾਰੇ ਯੋਜਨਾ, ਕਿ ਸਮਰਥਨ ਅਤੇ ਦੇਖਭਾਲ ਸੇਵਾ ਨੂੰ ਕਿਵੇਂ ਪ੍ਰਦਾਨ ਕੀਤਾ ਜਾਵੇਗਾ, ਮੁੱਖ ਤੌਰ ਤੇ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀ (ਅਤੇ/ਜਾਂ ਉਨ੍ਹਾਂ ਦੇ ਨੁਮਾਇੰਦੇ) ਅਤੇ ਸੇਵਾ ਪ੍ਰਦਾਤਾ ਦੇ ਵਿੱਚ ਰਾਜ਼ੀ ਹੋਇਆ ਜਾਵੇਗਾ।

### ਮੁੱਖ ਦੇਖਭਾਲ ਟੀਮ

ਆਮ ਚਿਕਿਤਸਕ ਅਤੇ ਹੋਰ ਸੁਆਸਥ ਪੇਸ਼ੇਵਰ ਜੋ ਸਮੁਦਾਏ ਵਿੱਚ ਸੁਆਸਥ ਦੇਖਭਾਲ ਪ੍ਰਦਾਨ ਕਰਦੇ ਹਨ।

### ਅਵਰੋਧ

ਕਿਸੇ ਵਿਅਕਤੀ ਨੂੰ ਹੇਠਾਂ ਦਿੱਤੇ ਚਿੰਨ੍ਹਾਂ ਦੇ ਉਪਯੋਗ ਦੁਆਰਾ ਖੁਦ ਨੂੰ ਜਾਂ ਹੋਰ ਲੋਕਾਂ ਨੂੰ ਹਾਨੀ ਪਹੁੰਚਾਉਣ ਤੋਂ ਰੋਕਣ ਲਈ ਨਿਯੰਤ੍ਰਣ:

- ਸਰੀਰਕ ਸਾਧਨ (ਕਿਸੇ ਵਿਅਕਤੀ ਤੇ ਵਾਸਤਵਿਕ ਤੌਰ ਤੇ ਜਾਂ ਧਮਕਾਉਣ ਦੇ ਅੰਦਾਜ਼ ਦੇ ਰੂਪ ਵਿੱਚ ਹੱਥ ਰੱਖਣਾ ਤਾਂ ਕਿ ਉਸ ਨੂੰ ਕਿਸੇ ਖਾਸ ਗਤੀਵਿਧੀ ਨੂੰ ਕਰਨ ਤੋਂ ਰੋਕਿਆ ਜਾ ਸਕੇ);
- ਜੰਤਰ ਸਬੰਧੀ ਸਾਧਨ (ਉਦਾਹਰਨ ਲਈ ਕਿਸੇ ਵਿਅਕਤੀ ਨੂੰ ਸਲੀਪਿੰਗ ਬੈਗ ਵਿੱਚ ਲਪੇਟਣਾ ਜਾਂ ਉਸ ਨੂੰ ਕੁਰਸੀ ਨਾਲ ਬੰਨ ਦੇਣਾ);
- ਵਾਤਾਵਰਨ ਸਬੰਧੀ ਸਾਧਨ (ਉਦਾਹਰਨ ਲਈ ਦਰਵਾਜਿਆਂ ਨੂੰ ਇਲੈਕਟ੍ਰਿਕ ਤੌਰ ਤੇ ਬੰਦ ਕਰਨਾ ਜਾਂ ਵਿਡੀਓ ਨਿਗਰਾਨੀ ਰੱਖਣਾ); ਜਾਂ
- ਦਵਾਈ (ਬੇਚੈਨੀ ਭਰੇ ਜਾਂ ਉੱਤੇਜਤ ਵਿਵਹਾਰ ਦੇ ਲੱਛਣਾਤਮਕ ਉਪਚਾਰ ਲਈ ਸ਼ਾਮਲ ਜਾਂ ਸ਼ਾਂਤਕਾਰੀ ਦਵਾਈਆਂ ਦਾ ਉਪਯੋਗ ਕਰਨਾ)।

### ਜੋਖਮ ਪ੍ਰਬੰਧਨ

ਜੋਖਮ ਦੇ ਪ੍ਰਬੰਧਨ, ਜੀਵਨ ਦੀ ਹਾਨੀ, ਵਿੱਤੀ ਹਾਨੀ, ਕਰਮਚਾਰੀਆਂ ਦੀ ਉਪਲਬਧਤਾ ਦੀ ਹਾਨੀ, ਸੁਰੱਖਿਆ, ਜਾਂ ਪ੍ਰਤਿਸ਼ਠਾ ਦੀ ਹਾਨੀ ਨੂੰ ਘੱਟ ਕਰਨ ਲਈ ਇੱਕ ਵਿਵਸਥਿਤ ਕਾਰਜ-ਪ੍ਰਣਾਲੀ।

### UKCC

ਯੁਨਾਇਟਿਡ ਕਿੰਗਡਮ ਸੈਂਟ੍ਰਲ ਕਾਉਂਸਿਲ ਫਾਰ ਨਰਸੇਸ, ਮਿਡਵਾਇਵਸ ਐਂਡ ਹੈਲਥ ਵਿਜ਼ਿਟਰਸ। UKCC ਨੂੰ ਨਰਸਿੰਗ ਐਂਡ ਮਿਡਵਾਇਫਰੀ ਕਾਉਂਸਿਲ ਦੁਆਰਾ ਅਪ੍ਰੈਲ 2002 ਵਿੱਚ ਪ੍ਰਤੀਸਥਾਪਤ ਕੀਤਾ ਗਿਆ ਸੀ।

### ਅਚਾਨਕ ਕਿਸੇ ਕੰਮ ਤੇ ਰੋਕ ਲਗਾਉਣਾ

ਅਜਿਹੀ ਗੁੱਪਤ ਜਾਣਕਾਰੀ ਦਾ ਕਿਸੇ ਮੁਲਾਜ਼ਮ (ਜਾਂ ਪੇਸ਼ੇਵਰ) ਦੁਆਰਾ ਖੁਲਾਸਾ ਜੋ ਕਿਸੇ ਖਤਰੇ, ਧੋਖੇ ਜਾਂ ਕੰਮ ਦੀ ਥਾਂ ਨਾਲ ਸਬੰਧਤ ਕਿਸੇ ਹੋਰ ਗੈਰ-ਕਨੂੰਨੀ ਜਾਂ ਅਨੈਤਿਕ ਸੰਚਾਲਨ ਨਾਲ ਸਬੰਧਤ ਹੁੰਦੀ ਹੈ, ਇਹ ਮਾਲਕ ਦੀ ਜਾਂ ਉਸ ਦੇ ਸਾਥੀ ਮੁਲਾਜ਼ਮਾਂ ਦੀ ਹੋ ਸਕਦੀ ਹੈ। (ਲੋਰਡ ਬੈਰੀ QC 1995)

# ਅਨੁਲੱਗ ਬੀ

# ਅਨੁਲੱਗ ਬੀ

# ਮਦਦਗਾਰ ਹਵਾਲੇ ਦੀ ਸਮੱਗਰੀ

## ਕਨੂੰਨੀ

### ਦਾ ਅਡਲਟਸ ਵਿਦ ਇਨਕੈਪੈਸਿਟੀ (ਸਕਾਟਲੈਂਡ) ਐਕਟ 2000

ਇਸ ਐਕਟ ਦੇ ਤੈਹਤ ਉਸ ਕਿਸੇ ਵੀ ਗੱਲ ਨੂੰ, ਜਿਸ ਨੂੰ ਅਸਮਰੱਥਾ ਵਾਲੇ ਕਿਸੇ ਬਾਲਗ ਵਜੋਂ ਕੀਤਾ ਜਾਂਦਾ ਹੈ, ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਨਾ ਹੋਵੇਗਾ:

- ਉਸ ਦਾ ਫਾਇਦਾ;
- ਵਿਅਕਤੀ ਦੀਆਂ ਇੱਛਾਵਾਂ ਅਤੇ ਉਸ ਦੇ ਨਜ਼ਦੀਕੀ ਰਿਸ਼ਤੇਦਾਰ, ਦੇਖਭਾਲ ਕਰਨ ਵਾਲੇ, ਰੱਖਿਅਕ ਜਾਂ ਅਟਾਰਨੀ ਦੀਆਂ ਇੱਛਾਵਾਂ ਦਾ ਧਿਆਨ ਰੱਖਣਾ; ਅਤੇ
- ਵਿਅਕਤੀ ਦੀ ਸੁਤੰਤਰਤਾ ਨੂੰ ਅਯੋਗ ਤਰੀਕੇ ਨਾਲ ਸੀਮਤ ਕਰਨ ਤੋਂ ਬਿਨਾਂ ਇੱਛਤ ਉਦੇਸ਼ ਨੂੰ ਹਾਸਲ ਕਰਨਾ।

### ਦਾ ਚਿਲਡਰਨ (ਸਕਾਟਲੈਂਡ) ਐਕਟ 1995

ਐਕਟ ਬੱਚਿਆਂ ਨੂੰ ਪ੍ਰਾਥਮਿਕਤਾ ਦਿੰਦਾ ਹੈ। ਹਰ ਬੱਚੇ ਕੋਲ ਹੇਠਾਂ ਦਿੱਤੇ ਚਿੰਨ੍ਹਾਂ ਲਈ ਅਧਿਕਾਰ ਹੈ:

- ਇੱਕ ਵਿਅਕਤੀ ਵਜੋਂ ਵਿਹਾਰ ਕੀਤਾ ਜਾਣਾ;
- ਉਸ ਨੂੰ ਪ੍ਰਭਾਵਿਤ ਕਰਨ ਵਾਲੇ ਮਸਲਿਆਂ ਤੇ ਵਿਚਾਰਾਂ ਨੂੰ ਪੇਸ਼ ਅਤੇ ਵਿਅਕਤ ਕਰਨਾ; ਅਤੇ
- ਹਰ ਤਰ੍ਹਾਂ ਦੇ ਦੁਰਵਿਹਾਰ, ਲਾਪਰਵਾਹੀ ਜਾਂ ਸ਼ੋਸ਼ਣ ਤੋਂ ਰੱਖਿਆ ਕੀਤੀ ਜਾਣੀ।

ਮਾਪਿਆਂ ਅਤੇ ਸਥਾਨਕ ਅਧਿਕਾਰੀਆਂ ਕੋਲ ਦੇਖਭਾਲ ਦੇ ਸੰਤੁਲਨ ਨੂੰ ਹਾਸਲ ਕਰਨ ਲਈ ਅਧਿਕਾਰ ਅਤੇ ਜ਼ੁੰਮੇਵਾਰੀਆਂ ਹਨ।

### ਦਾ ਡੈਟਾ ਪ੍ਰੋਟੈਕਸ਼ਨ ਐਕਟ 1998

ਐਕਟ ਇਸ ਨੂੰ ਕਵਰ ਕਰਦਾ ਹੈ ਕਿ ਕਿਵੇਂ ਰਹਿਣ ਵਾਲੇ, ਪਛਾਣਯੋਗ ਲੋਕਾਂ ਬਾਰੇ ਜਾਣਕਾਰੀ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਸਾਰੇ ਸੰਗਠਨਾਂ ਦਾ ਅਨੁਪਾਲਣ ਕਰਨਾ ਲਾਜ਼ਮੀ ਹੈ ਜੋ ਵਿਅਕਤੀਗਤ ਡੈਟੇ ਨੂੰ ਆਪਣੇ ਕੋਲ ਰੱਖਦੇ ਹਨ ਜਾਂ ਇਸ ਦੀ ਵਰਤੋਂ ਕਰਦੇ ਹਨ।

### ਦਾ ਡਿਸੇਬਿਲਿਟੀ ਡਿਸਕ੍ਰਿਮਿਨੇਸ਼ਨ ਐਕਟ 1995

ਇਹ ਵਿਆਪਕ ਰੇਂਜ ਵਾਲਾ ਐਕਟ, ਜੋ 1996 ਵਿੱਚ ਲਾਗੂ ਹੋਇਆ, ਰੁੱਜਗਾਰ, ਚੀਜ਼ਾਂ, ਸੇਵਾਵਾਂ, ਆਵਾਜਾਈ ਅਤੇ ਸਿੱਖਿਆ ਤੇ ਪਹੁੰਚ ਵਿੱਚ ਅਪਾਹਜ ਲੋਕਾਂ ਦੇ ਪ੍ਰਤੀ ਭੇਦਭਾਵ ਕਰਨ ਨੂੰ ਗੈਰ-ਕਨੂੰਨੀ ਬਣਾਉਂਦਾ ਹੈ।

### ਦਾ ਹੈਲਥ ਐਂਡ ਸੇਫਟੀ ਐਟ ਵਰਕ ਈਟੀਸੀ ਐਕਟ 1974

ਐਕਟ ਸਿਹਤ ਅਤੇ ਸੁਰੱਖਿਆ ਸਬੰਧੀ ਕਨੂੰਨ ਦਾ ਮੁੱਢਲਾ ਹਿੱਸਾ ਹੈ ਜੋ ਉਸ ਹਰ ਵਿਅਕਤੀ ਨੂੰ ਕਵਰ ਕਰਦਾ ਹੈ ਜੋ ਕਿ ਕੰਮਕਾਜੀ ਗਤੀਵਿਧੀ ਦੁਆਰਾ ਪ੍ਰਭਾਵਿਤ ਹੁੰਦਾ ਹੈ। ਇਹ ਮਾਲਕਾਂ ਤੇ ਕੰਮ ਵਾਲੀ ਥਾਂ ਤੇ ਸਿਹਤ ਅਤੇ ਸੁਰੱਖਿਆ ਲਈ ਕਨੂੰਨੀ ਜ਼ੁੰਮੇਵਾਰੀ ਦਾ ਬੋਝ ਪਾਉਂਦਾ ਹੈ।

## ਦਾ ਹਿਊਮਨ ਰਾਈਟਸ ਐਕਟ 1998

ਐਕਟ ਸਮਾਜਕ ਸੰਸਥਾਵਾਂ ਦੀਆਂ ਕਿਰਿਆਵਾਂ ਦੇ ਸਬੰਧ ਵਿੱਚ ਸਕੋਟਸ ਅਤੇ ਅੰਗਰੇਜੀ ਕਨੂੰਨ ਵਿੱਚ ਮਨੁੱਖੀ ਅਧਿਕਾਰਾਂ ਤੇ ਯੁਰੋਪਿਅਨ ਕੰਵੈਂਸ਼ਨ ਨੂੰ ਸ਼ਾਮਲ ਕਰਦਾ ਹੈ। ਇਸ ਦਾ ਉਦੇਸ਼ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਲੋਕਰਾਜੀ ਸਮਾਜ ਦੇ ਆਦਰਸ਼ਾਂ ਅਤੇ ਸਿੱਧਾਂਤਾਂ ਨੂੰ ਕਾਇਮ ਰੱਖਣਾ ਅਤੇ ਉਨ੍ਹਾਂ ਦਾ ਪ੍ਰਚਾਰ ਕਰਨਾ ਹੈ। ਕੰਵੈਂਸ਼ਨ ਦੇ ਲੇਖਾਂ ਵਿੱਚ ਇਹ ਸ਼ਾਮਲ ਹਨ:

- ਸੋਚ, ਅੰਤਰ-ਆਤਮਾ ਅਤੇ ਧਰਮ ਦੀ ਸੁਤੰਤਰਤਾ;
- ਅਭਿਵਿਅੰਜਨਾ ਦੀ ਸੁਤੰਤਰਤਾ;
- ਵਿਧਾਨਸਭਾ ਅਤੇ ਸੰਘ ਦੀ ਸੁਤੰਤਰਤਾ;
- ਨਿਜੀ ਅਤੇ ਪਰਿਵਾਰਕ ਜੀਵਨ ਲਈ ਸਤਿਕਾਰ ਕੀਤੇ ਜਾਣ ਦਾ ਅਧਿਕਾਰ; ਅਤੇ
- ਵਿਆਹ ਕਰਨ ਦਾ ਅਧਿਕਾਰ।

## ਦਾ ਮੈਂਟਲ ਹੈਲਥ (ਦੇਖਭਾਲ ਅਤੇ ਇਲਾਜ) (ਸਕਾਟਲੈਂਡ) ਐਕਟ 2003

ਇਸ ਅਧਿਨਿਯਮ ਵਿੱਚ ਇਹ ਤੈਅ ਕੀਤਾ ਗਿਆ ਹੈ ਕਿ ਕਿਸੇ ਵਿਅਕਤੀ ਦਾ ਉਪਚਾਰ ਕਿਸ ਤਰ੍ਹਾਂ ਕੀਤਾ ਜਾਵੇਗਾ ਜੇ ਉਹ ਵਿਅਕਤੀ ਮਾਨਸਕ ਰੋਗ ਨਾਲ ਪੀੜਤ ਹੈ ਅਤੇ ਉਨ੍ਹਾਂ ਦੇ ਅਧਿਕਾਰ ਕੀ-ਕੀ ਹਨ।

## ਦਾ ਮਿਸਯੂਜ਼ ਆਫ ਡ੍ਰਗਸ ਐਕਟ 1971

ਐਕਟ ਯੂਕੇ ਵਿੱਚ ਨਸ਼ੀਲੇ ਪਦਾਰਥਾਂ ਦੇ ਨਿਯੰਤ੍ਰਣ ਲਈ ਮੁੱਖ ਕਨੂੰਨ ਹੈ। ਇਹ ਉਸ ਸਥਿਤੀ ਤੋਂ ਇਲਾਵਾ ਡਾਕਟਰੀ ਅਤੇ ਹੋਰ ਉਤਪਾਦਾਂ ਦੇ ਕ੍ਰਜ਼ੇ, ਪੂਰਤੀ ਅਤੇ ਨਿਰਮਾਣ ਤੇ ਰੋਕ ਲਗਾਉਂਦਾ ਹੈ ਜਿੱਥੇ ਇਨ੍ਹਾਂ ਨੂੰ ਮਿਸਯੂਜ਼ ਆਫ ਡ੍ਰਗਸ ਰੈਗੁਲੇਸ਼ੰਸ 1985 ਦੁਆਰਾ ਕਨੂੰਨੀ ਬਣਾ ਦਿੱਤੀ ਗਿਆ ਹੈ। ਕਨੂੰਨ ਨਿਯੰਤ੍ਰਿਤ ਦਵਾਈਆਂ ਦੇ ਨਾਲ ਸਬੰਧਤ ਹੈ ਅਤੇ ਉਹ ਇਨ੍ਹਾਂ ਨੂੰ ਪੰਜ ਵੱਖਰੀਆਂ ਅਨੁਸੂਚੀਆਂ ਵਿੱਚ ਪਾਉਂਦਾ ਹੈ। ਉਸ ਕਿਸੇ ਵੀ ਵਿਅਕਤੀ ਨੂੰ ਮਿਸਯੂਜ਼ ਆਫ ਡ੍ਰਗਸ ਰੈਗੁਲੇਸ਼ੰਸ 1985 ਅਤੇ ਮਿਸਯੂਜ਼ ਆਫ ਡ੍ਰਗਸ (ਸੇਫ ਕਸਟਡੀ) ਰੈਗੁਲੇਸ਼ੰਸ 1973 ਦੇ ਤੱਤ ਬਾਰੇ ਪਤਾ ਹੋਣਾ ਚਾਹੀਦਾ ਹੈ ਜੋ ਕਿ ਨਿਯੰਤ੍ਰਿਤ ਦਵਾਈਆਂ ਦਾ ਭੰਡਾਰਨ ਕਰਨ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਲਈ ਜ਼ੁੰਮੇਵਾਰ ਹੁੰਦਾ ਹੈ।

## ਦਾ ਪੁਲਿਸ ਐਕਟ 1997

ਪੁਲਿਸ ਐਕਟ 1997 ਦੇ ਭਾਗ 5 ਨੂੰ ਅਪ੍ਰੈਲ 2002 ਵਿੱਚ ਲਾਗੂ ਕੀਤਾ ਗਿਆ ਸੀ। ਇਸ ਨੂੰ ਵਿਅਕਤੀਆਂ ਅਤੇ ਸੰਗਠਨਾਂ ਨੂੰ ਅਪਰਾਧਿਕ ਰਿਕਾਰਡ ਜਾਣਕਾਰੀ ਦੇ ਪ੍ਰਮਾਣ-ਪੱਤਰ ਜਾਰੀ ਕਰਨ ਲਈ ਸਕੋਟਿਸ਼ ਅਪਰਾਧਿਕ ਰਿਕਾਰਡ ਦਫਤਰ ਲਈ ਪ੍ਰਦਾਨ ਕੀਤਾ ਜਾਂਦਾ ਹੈ।

## ਦਾ ਪਬਲਿਕ ਇੰਟ੍ਰਸਟ ਡਿਸਕਲੋਜ਼ਰ ਐਕਟ 1998

ਐਕਟ ਉਨ੍ਹਾਂ ਕਾਰਜ-ਕਰਤਾਵਾਂ ਦੀ ਰੱਖਿਆ ਕਰਦਾ ਹੈ ਜੋ ਗਲਤ ਕੰਮ ਹੋਣ ਤੇ 'ਅਚਾਨਕ ਰੋਕ ਲਗਵਾਉਂਦੇ' ਹਨ। ਇਹ ਮੁੱਖ ਤੌਰ ਤੇ ਇੰਪਲੋਏਮੈਂਟ ਰਾਇਟਸ ਐਕਟ 1996 ਵਿੱਚ ਸੰਸ਼ੋਧਨਾਂ ਦਾ ਰੂਪ ਲੈਂਦਾ ਹੈ, ਅਤੇ ਖੁਲਾਸਿਆਂ ਦੇ ਪ੍ਰਕਾਰਾਂ, ਜਿਨ੍ਹਾਂ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ; ਉਨ੍ਹਾਂ ਸਥਿਤੀਆਂ ਜਿਨ੍ਹਾਂ ਵਿੱਚ ਅਜਿਹੇ ਖੁਲਾਸਿਆਂ ਦੀ ਰੱਖਿਆ ਕੀਤੀ ਜਾਂਦੀ ਹੈ; ਅਤੇ ਉਨ੍ਹਾਂ ਵਿਅਕਤੀਆਂ ਬਾਰੇ ਪ੍ਰਾਵਧਾਨ ਬਣਾਉਂਦਾ ਹੈ ਜਿਨ੍ਹਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ।

**ਦਾ ਰੇਸ ਰਿਲੇਸ਼ੰਸ ਐਕਟ 1976**

ਐਕਟ ਰੁੱਜਗਾਰ, ਸੇਵਾ ਦੀ ਭਿਜਵਾਈ, ਸਿਖਲਾਈ ਅਤੇ ਹੋਰ ਖੇਤਰਾਂ ਵਿੱਚ ਜਾਤੀ ਸਬੰਧੀ ਭੇਦਭਾਵ ਨੂੰ ਗੈਰ-ਕਨੂੰਨੀ ਬਣਾਉਂਦਾ ਹੈ।

**ਦਾ ਰੇਸ ਰਿਲੇਸ਼ੰਸ (ਸੰਸ਼ੋਧਨ) ਐਕਟ 2000**

ਐਕਟ ਉਨ੍ਹਾਂ ਸਮਾਜਕ ਗਤੀਵਿਧੀਆਂ ਵਿੱਚ ਜਾਤੀ ਸਬੰਧੀ ਭੇਦਭਾਵ ਨੂੰ ਗੈਰ-ਕਨੂੰਨੀ ਬਣਾਉਂਦਾ ਹੈ ਜਿਨ੍ਹਾਂ ਨੂੰ ਪਹਿਲਾਂ ਕਵਰ ਨਹੀਂ ਕੀਤਾ ਗਿਆ ਸੀ। ਇਹ ਜਾਤ ਦੀ ਬਰਾਬਰਤਾ ਨੂੰ ਵਧਾਵਾ ਦੇਣ ਲਈ ਸਮਾਜਕ ਸੰਗਠਨਾਂ ਤੇ ਆਮ ਕਰਤੱਵ ਨੂੰ ਪਾਉਂਦਾ ਹੈ।

**ਦਾ ਰੈਗੁਲੇਸ਼ਨ ਆਫ ਕੇਅਰ (ਸਕਾਟਲੈਂਡ) ਐਕਟ 2001**

ਐਕਟ ਉਨ੍ਹਾਂ ਦੇਖਭਾਲ ਦੀਆਂ ਸੇਵਾਵਾਂ ਦੇ ਪੰਜੀਕਰਨ ਅਤੇ ਜਾਂਚ ਸਮੇਤ ਦੇਖਭਾਲ ਦੀ ਸੇਵਾ ਦੇ ਨਿਯਾਮਕ ਦੀ ਨਵੀਂ ਪ੍ਰਣਾਲੀ ਦੀ ਸਥਾਪਨਾ ਕਰਦਾ ਹੈ ਜੋ ਰਾਸ਼ਟਰੀ ਦੇਖਭਾਲ ਮਾਨਕਾਂ ਨੂੰ ਧਿਆਨ ਵਿੱਚ ਰੱਖਦੀ ਹੈ। ਐਕਟ ਦੋ ਨਵੀਆਂ ਰਾਸ਼ਟਰੀ, ਸੁਤੰਤਰ ਸੰਸਥਾਵਾਂ ਦਾ ਵੀ ਨਿਰਮਾਣ ਕਰਦਾ ਹੈ, ਇੱਕ ਦੇਖਭਾਲ ਦੇ ਨਿਯਾਮਕ ਲਈ ਸਕੋਟਿਸ਼ ਕਮਿਸ਼ਨ ਜੋ ਦੇਖਭਾਲ ਦੀਆਂ ਸੇਵਾਵਾਂ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਦੂਜਾ ਸਕੋਟਿਸ਼ ਸਮਾਜਕ ਸੇਵਾਵਾਂ ਦੀ ਕੌਂਸਲ, ਜੋ ਸਮਾਜਕ ਸੇਵਾ ਦੇ ਮਜਦੂਰਾਂ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਇਸ ਦੀ ਸਿੱਖਿਆ ਅਤੇ ਸਿਖਲਾਈ ਨੂੰ ਵਧਾਵਾ ਦਿੰਦਾ ਅਤੇ ਨਿਯੰਤ੍ਰਿਤ ਕਰਦਾ ਹੈ।

ਤੁਸੀਂ ਜਾਣਕਾਰੀ ਲਈ ਇਨ੍ਹਾਂ ਵੈਬਸਾਇਟਾਂ ਤੇ ਜਾ ਸਕਦੇ ਹੋ:

- ਰੈਗੁਲੇਸ਼ਨ ਆਫ ਕੇਅਰ (ਸਕਾਟਲੈਂਡ) ਐਕਟ 2001
  www.scotland-legislation.hmso.gov.uk/legislation/scotland/acts2001/20010008.htm
- ਰੈਗੁਲੇਸ਼ਨ ਆਫ ਕੇਅਰ (ਸਕਾਟਲੈਂਡ) ਐਕਟ 2001 ਕਨੂੰਨੀ ਦਸਤਾਵੇਜ਼
  www.scotland-legislation.hmso.gov.uk/legislation/scotland/s-200201.htm

**ਦਾ ਰਿਹੈਬਿਲਿਟੇਸ਼ਨ ਆਫ ਓਫੈਂਡਰਸ ਐਕਟ 1974**

ਐਕਟ ਬਹਾਲੀ ਦੀ ਅਵਧੀ ਤੋਂ ਬਾਅਦ, 'ਸਮਾਂ ਬਿਤਾਉਣ' ਜਾਂ ਨਜ਼ਰ-ਅੰਦਾਜ਼ ਕੀਤੇ ਜਾਣ ਲਈ ਕੁਝ ਅਪਰਾਧਿਕ ਦੋਸ਼-ਸਿੱਧੀਆਂ ਨੂੰ ਯੋਗ ਕਰਦਾ ਹੈ। ਬਹਾਲੀ ਦੀ ਅਵਧੀ ਦੋਸ਼-ਸਿੱਧੀ ਦੀ ਮਿਤੀ ਤੋਂ ਸਮੇਂ ਦੀ ਨਿਰਧਾਰਤ ਲੰਬਾਈ ਹੁੰਦੀ ਹੈ।

**ਸੈਕਸ ਡਿਸਕ੍ਰਿਮਿਨੇਸ਼ਨ ਐਕਟ 1975**

ਸੈਕਸ ਡਿਸਕ੍ਰਿਮਿਨੇਸ਼ਨ ਐਕਟ 1975 ਭਰਤੀ, ਤਰੱਕੀ ਅਤੇ ਸਿਖਲਾਈ ਵਿੱਚ ਲਿੰਗੀ ਜਾਂ ਵਿਆਹਕ ਸਥਿਤੀ ਦੇ ਅਧਾਰ ਤੇ ਭੇਦਭਾਵ ਕਰਨ ਨੂੰ ਗੈਰ-ਕਨੂੰਨੀ ਬਣਾਉਂਦਾ ਹੈ। ਐਕਟ ਸਿੱਖਿਆ, ਘਰ, ਚੀਜ਼ਾਂ ਅਤੇ ਸੇਵਾਵਾਂ ਦੇ ਪ੍ਰਾਵਧਾਨ ਅਤੇ ਵਿਗਿਆਪਣ ਨੂੰ ਵੀ ਕਵਰ ਕਰਦਾ ਹੈ।

## ਨਿਤੀ

### ਉੱਤਮਤਾ ਲਈ ਉਦੇਸ਼ ਰੱਖਣਾ: ਸਕਾਟਲੈਂਡ ਵਿੱਚ ਸਮਾਜਕ ਕਾਰਜ ਸਬੰਧੀ ਸੇਵਾਵਾਂ ਦਾ ਨਵੀਨੀਕਰਨ ਕਰਨਾ 1999

ਕਨੂੰਨੀ ਦਸਤਾਵੇਜ਼ ਬੱਚਿਆਂ ਅਤੇ ਕਮਜ਼ੋਰ ਬਾਲਗਾਂ ਦੀ ਰੱਖਿਆ ਨੂੰ ਮਜਬੂਤ ਕਰਨ ਲਈ ਅਤੇ ਇਹ ਯਕੀਨੀ ਬਣਾਉਣ ਲਈ, ਕਿ ਉੱਚ ਗੁਣਵੱਤਾ ਦੀਆਂ ਸੇਵਾਵਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਪ੍ਰਸਤਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਦੇਖਭਾਲ ਦੇ ਨਿਯਾਮਕ ਲਈ ਸਕੋਟਿਸ਼ ਕਮਿਸ਼ਨ ਇਸ ਉਦੇਸ਼ ਲਈ ਸਥਾਪਤ ਇੱਕ ਸੁਤੰਤਰ ਨਿਯਾਮਕ ਹੈ।

### ਅਵਰ ਨੈਸ਼ਨਲ ਹੈਲਥ 2000

ਸਿਹਤ ਸਬੰਧੀ ਯੋਜਨਾ ਦਾ ਉਦੇਸ਼ ਸਕਾਟਲੈਂਡ ਦੀ ਸਿਹਤ ਵਿੱਚ ਸੁਧਾਰ ਕਰਨਾ ਅਤੇ ਇੱਕ ਰਾਸ਼ਟਰੀ ਸੇਵਾ ਵਜੋਂ NHS ਨੂੰ ਵਾਪਸ ਲਿਆਉਂਦੇ ਹੋਏ ਅਤੇ ਦੇਖਭਾਲ ਅਤੇ ਮਾਨਕਾਂ ਵਿੱਚ ਸੁਧਾਰ ਕਰਦੇ ਹੋਏ, ਅਮੀਰ ਅਤੇ ਗਰੀਬ ਲੋਕਾਂ ਦੇ ਵਿੱਚ ਦੇ ਸਿਹਤ ਸਬੰਧੀ ਅੰਤਰਾਂ ਨੂੰ ਸਮਾਪਤ ਕਰਨਾ ਹੈ।

## ਹੋਰ ਉਪਯੋਗੀ ਹਵਾਲੇ


*Learning Disability Quality Indicators,* Scottish Health Advisory Service, 2000.

*Older People's Quality Indicators,* Scottish Health Advisory Service, 2000.

*Responding to Challenge,* Social Work Services Inspectorate, 1995.

*Involving Disabled People In Services,* Social Work Services Inspectorate, 1996.

*Time Well Spent – Day Services for People with Mental Illness*, Social Work Services Inspectorate, 1995.

*Moving into the Mainstream: Inspection of Services for Adults with Learning Disabilities,* Social Services Inspectorate, 1998.

*Independent Advocacy, a guide for Commissioners:* a guide for health boards, NHS Trusts, local authorities and anyone involved with advocacy, Scottish Executive, 2000.

*The Commissioning Maze: commissioning community care services,* Accounts Commission for Scotland, 1997.

*The Same As You?* Scottish Executive, 2000.

*Outcomes of Social Care for Disabled People and Carers,* University of York, 1991.

*Assessment Systems and Community Care,* Department of Health, Social Services Inspectorate, 1991.

*Signposts for success in commissioning and providing health services for people with learning disabilities,* NHS Executive, 1998.

*Generic Standards,* Clinical Standards Board for Scotland, January 2001.

*Challenging and Inappropriate Sexual BehaviourIn People with Learning Disabilities,* Scottish Office, 1998.

*New Directions: Day Services for People with Learning Disabilities in the 1990s,* University of Exeter, 1999.

*Essence of Care,* Department of Health, 2001.

*Restraint of Residents with Mental Impairment in Care Homes and Hospitals,* The Mental Welfare Commission.

*If you don't ask you don't get,* Scottish Executive, 2001.

The Scottish Government
Riaghaltas na h-Alba

© ਕ੍ਰਾਊਨ ਕਾਪੀਰਾਇਟ 2013

ਤੁਸੀਂ ਓਪਨ ਗਵਰਨਮੈਂਟ ਲਾਇਸੈਂਸ ਦੇ ਨਿਯਮਾਂ ਦੇ ਤੈਹਤ, ਕਿਸੇ ਵੀ ਫੋਰਮੈਟ ਜਾਂ ਮੀਡੀਅਮ ਵਿੱਚ ਮੁਫਤ ਵਿੱਚ ਇਸ ਜਾਣਕਾਰੀ (ਲੋਗੋ ਅਤੇ ਤਸਵੀਰਾਂ ਤੋਂ ਇਲਾਵਾ) ਦੀ ਮੁੜ-ਵਰਤੋਂ ਕਰ ਸਕਦੇ ਹੋ। ਇਸ ਲਾਇਸੈਂਸ ਨੂੰ ਦੇਖਣ ਲਈ, http://www.nationalarchives.gov.uk/doc/open-government-licence/ ਤੇ ਜਾਓ ਜਾਂ ਇਸ ਪਤੇ ਤੇ ਈ-ਮੇਲ ਕਰੋ: psi@nationalarchives.gsi.gov.uk.

ਜਿੱਥੇ ਅਸੀਂ ਕਿਸੇ ਵੀ ਤੀਜੇ ਪੱਖ ਦੀ ਕਾਪੀਰਾਇਟ ਦੀ ਜਾਣਕਾਰੀ ਦੀ ਪਛਾਣ ਕੀਤੀ ਹੈ ਤੁਹਾਨੂੰ ਸਬੰਧਤ ਕਾਪੀਰਾਇਟ ਧਾਰਕਾਂ ਤੋਂ ਆਗਿਆ ਲੈਣ ਦੀ ਲੋੜ ਹੋਵੇਗੀ।

ISBN: 978-1-78412-020-7 (ਸਿਰਫ ਵੈੱਬ) Punjabi

The Scottish Government
St Andrew’s House
Edinburgh
EH1 3DG

APS ਗਰੁੱਪ ਸਕਾਟਲੈਂਡ ਦੁਆਰਾ ਸਕੋਟਿਸ਼ ਸਰਕਾਰ ਲਈ ਤਿਆਰ ਕੀਤੀ ਗਈ

DPPAS14688 (11/13)

ਸਕੋਟਿਸ਼ ਸਰਕਾਰ ਦੁਆਰਾ ਪ੍ਰਕਾਸ਼ਤ ਕੀਤੀ ਗਈ, ਨਵੰਬਰ 2013

www.scotland.gov.uk